

# ● ੬ ●

ਕੰਪਿਲਪੁਰ ਨਿਵਾਸੀ ਕੁੰਡਕੋਲਿਕ ਉਪਾਸਕ ਦੀ ਮਹਾਨਤਾ ਦਾ ਸੁੰਦਰ ਢੰਗ ਨਾਲ ਵਰਨਣ ਕੀਤਾ ਗਿਆ ਹੈ। ਇਹ ਅਧਿਐਨ ਇਤਿਹਾਸਿਕ ਪਖੋਂ ਬਹੁਤ ਮਹਾਨਤਾ ਰਖਦਾ ਹੈ। ਇਸ ਵਿਚ ਭਗਵਾਨ ਮਹਾਵੀਰ, ਇਕ ਭਰਿਸ਼ਟ ਚੇਲੇ ਗੋਸ਼ਾਲਕ ਦੇ ਮੱਤ ਦੇ ਸਿੱਧਾਂਤਾਂ ਦਾ ਵਰਨਣ ਕੀਤਾ ਗਿਆ ਹੈ। ਕੁੰਡਕੋਲਿਕ ਦੀ ਦੇਵਤੇ ਨਾਲ ਬਹਿਸ, ਉਸ ਦੀ ਮਹਾਨਤਾ, ਵਿਦਵਾਨਤਾ ਪ੍ਰਗਟ ਕਰਦੀ ਹੈ। ਕੁੰਡਕੋਲਿਕ ਵੀ ਉਨ੍ਹਾਂ ਭਾਗਸ਼ਾਲੀ ਉਪਾਸਕਾਂ ਵਿਚੋਂ ਇਕ ਸੀ, ਜਿਸ ਦੀ ਭਗਵਾਨ ਮਹਾਵੀਰ ਨੇ ਅਪਣੇ ਦਰਬਾਰ ਵਿਚ ਪ੍ਰਸ਼ੰਸਾ ਕੀਤੀ। ਕੁੰਡਕੋਲਿਕ ਵੀ ਵਰਤ, ਤਪੱਸਿਆ ਅਤੇ ਸਾਧਨਾ ਰਾਹੀਂ ਅੰਤਮ ਸਮੇਂ ਸੌਧਰਮ ਦੇਵਲੋਕ ਦੇ ਵਿਮਾਨ ਅਰੁਣਧਵੱਜ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਅੰਤਮ ਸਮੇਂ ਸਿੱਧ, ਬੁੱਧ ਅਤੇ ਮੁਕਤ ਹੋਵੇਗਾ। ਇਹ ਭਗਵਾਨ ਮਹਾਵੀਰ ਦੇ 21ਵੇਂ ਚੌਮਾਸੇ ਵਿਚ ਉਪਾਸਕ ਬਣਿਆ।

# ਛੇਵਾਂ ਅਧਿਐਨ

(ਇਹ ਅਧਿਐਨ ਦਾ ਸ਼ੁਰੂ ਦਾ ਵਾਰਤਾਲਾਪ ਪਹਿਲੇ ਅਧਿਐਨ ਦੀ ਤਰਾਂ ਹੈ)
ਸੁਧੱਰਮਾ ਸੁਵਾਮੀ ਆਖਦੇ ਹਨ "ਹੇ ਜੰਬੂ ! ਉਸ ਕਾਲ, ਉਸ ਸਮੇ ਕੰਪਿਲਪੁਰ ਨਾਂ ਦਾ ਨਗਰ ਸੀ ਉਥੇ ਸਹਸਤਰਬਨ ਨਾਂ ਦਾ ਬਾਗ ਸੀ, ਉਥੇ ਜਿਤਸ਼ਤਰੂ ਰਾਜਾ ਰਾਜ ਕਰਦਾ ਸੀ, ਉਸੇ ਸ਼ਹਿਰ ਵਿਚ ਕੁੰਡਕੋਲਿਕ ਨਾਂ ਦਾ ਗਾਥਾਪਤੀ ਰਹਿੰਦਾ ਸੀ, ਉਸ ਦੀਆਂ 6 ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ, ਅਤੇ 6 ਕਰੋੜ ਘਰ ਦੇ ਸਾਜ ਸਮਾਨ ਵਿਚ ਲਗੀਆਂ ਹੋਈਆਂ ਸਨ। ਉਥੇ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ, ਧਰਮ ਸਭਾ ਹੋਈ ਕਾਮਦੇਵ ਦੀ ਤਰਾਂ ਕੁੰਡਕੋਲਿਕ ਨੇ ਸ਼੍ਰਾਵਕ ਧਰਮ ਗ੍ਰਹਿਣ ਕੀਤਾ, ਉਹ ਵੀ ਚੰਗੇ ਉਪਾਸਕ ਦੀ ਤਰਾਂ ਸਾਧੂ, ਸਾਧਵੀਆਂ ਨੂੰ ਸੇਵਾ, ਭਗਤੀ ਨਾਲ ਭੋਜਨ ਦਿੰਦਾ ਹੋਇਆ ਜ਼ਿੰਦਗੀ ਗੁਜ਼ਾਰਨ ਲਗਾ ।166।

ਇਸਤੋਂ ਬਾਅਦ ਇੱਕ ਦਿਨ ਕੁੰਡਕੋਲਿਕ ਸ਼੍ਰਮਣਾ ਦਾ ਉਪਾਸਕ ਦੁਪੈਹਰ ਸਮੇਂ ਅਸ਼ੋਕ ਵਾਟੀਕਾ ਵਿਚ ਗਿਆ, ਉਥੇ ਉਸਨੇ ਅਪਣੇ ਨਾਂ ਦੀ ਅੰਗੂਠੀ ਅਤੇ ਉਪਰ ਲੈਣ ਵਾਲਾ ਦੁੱਪਟਾ ਜਮੀਨ ਤੇ ਬਣੀ ਸਿਲ ਤੇ ਰਖ ਦਿੱਤਾ। ਫਿਰ ਉਹ ਸ਼੍ਰਮਣ ਭਗਵਾਨ ਮਹਾਵੀਰ ਰਾਂਹੀ ਫੁਰਮਾਂਦੇ ਹੋਏ ਧਰਮ ਦੀ ਉਪਾਸਨਾ ਕਰਨ ਲਗਾ ।167।

ਇਸਤੋਂ ਬਾਅਦ ਜਦ ਕੁੰਡਕੋਲਿਕ ਸ਼੍ਰਮਣਾ ਦਾ ਉਪਾਸਕ ਧਰਮ ਦੀ ਅਰਾਧਨਾ ਕਰ ਰਿਹਾ ਸੀ ਤਾਂ ਉਥੇ ਇਕ ਦੇਵਤਾ ਪ੍ਰਗਟ ਹੋਇਆ ।168।

ਇਸਤੋਂ ਬਾਅਦ ਉਹ ਦੇਵਤੇ ਨੇ ਸਿਲ ਤੋਂ ਅੰਗੂਠੀ ਤੇ ਦੁਪੱਟਾ ਚੁੱਕ ਕੇ ਲੈ ਗਿਆ ਅਤੇ ਘੁੰਗਰੂ ਬਜਾਉਂਦਾ ਹੋਇਆ, ਅਕਾਸ਼ ਵਿਚ ਉੜ ਗਿਆ।

ਅਕਾਸ਼ ਵਿਚ ਜਾ ਕੇ ਬੋਲਣ ਲਗਾ "ਹੇ ਕੁੰਡਕੋਲਿਕ ਸ਼੍ਰਮਣਾ ਦੇ ਉਪਾਸਕ ! ਦੇਵਤਿਆਂ ਦੇ ਪਿਆਰੇ ਮੰਖਲੀ ਗੋਸ਼ਾਲਕ ਦਾ ਧਰਮ ਬਹੁਤ ਸੋਹਣਾ ਹੈ ਉਸ ਵਿਚ ਉਥਾਨ (ਕਿਸੇ ਕੰਮ ਲਈ ਤਿਆਰ ਹੋਣਾ) ਕਰਮ (ਕ੍ਰਿਆ) ਬਲ (ਸਰੀਰਕ ਸ਼ਕਤੀ) ਵੀਰਜ (ਆਤਮਿਕ ਸ਼ਕਤੀ) ਪੁਰਸਕਾਰ (ਮੇਹਨਤ) ਅਤੇ ਪਰਾਕ੍ਰਮਿਕ (ਬਹਾਦਰੀ) ਲਈ ਕੋਈ ਥਾਂ ਨਹੀਂ ਹੈ, ਸਭ ਕੁਝ ਨਿਯਤ ਹੈ। ਭਾਵ ਉਪਰੋਕਤ ਚੀਜਾਂ ਦੀ ਕੋਈ ਜਰੂਰਤ ਨਹੀਂ ਜੋ ਕੁਝ ਹੋਣਾ ਹੈ ਹੋਕੇ ਰਹਿੰਦਾ ਹੈ ਮੇਹਨਤ ਕਰਨ ਦਾ ਕੋਈ ਲਾਭ ਨਹੀਂ, ਨਾ ਹੀ ਕੁਝ

ਬਦਲਦਾ ਹੈ ਅਤੇ ਨਾ ਹੀ ਪੈਦਾ ਹੁੰਦਾ ਹੈ। ਇਸਤੋਂ ਉਲਟ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ, ਇਹ ਝੂਠਾ ਹੈ, ਇਸ ਵਿਚ ਉਥਾਨ ਪਰਾਕ੍ਰਮ ਆਦਿ ਦੀ ਮਹਾਨਤਾ ਹੈ ਸੰਸਾਰ ਦਾ ਪਰਿਵਰਤਨ ਅਨਿਯਤ ਹੈ ਅਰਥਾਤ ਮੇਹਨਤ ਰਾਹੀਂ ਕੁਝ ਨਹੀਂ ਸੰਵਰ ਸਕਦਾ।169।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਉਸ ਦੇਵਤੇ ਨੂੰ ਇਸ ਪ੍ਰਕਾਰ ਆਖਣ ਲੱਗਾ "ਹੇ ਦੇਵ ! ਜੇ ਮੰਖਲੀ ਪੁਤਰ ਗੋਸ਼ਾਲਕ ਦਾ ਧਰਮ ਸੁੰਦਰ ਹੈ ਕਿਉਂਕਿ

---

1. ਮੰਖਲੀ ਗੋਸ਼ਾਲਕ ਭਗਵਾਨ ਮਹਾਵੀਰ ਤੇ ਬੁੱਧ ਦੇ ਸਮੇਂ ਇਕ ਮਸ਼ਹੂਰ ਧਰਮ ਪ੍ਰਚਾਰਕ ਸੀ ਇਹ ਪਹਿਲਾਂ ਭਗਵਾਨ ਮਹਾਵੀਰ ਦਾ ਚੇਲਾ ਬਣਿਆ ਅਤੇ ਕਾਫੀ ਸਮੇ ਭਗਵਾਨ ਮਹਾਵੀਰ ਦੇ ਨਾਲ ਰਿਹਾ ਪਰ ਬਾਅਦ ਵਿਚ ਉਹ ਉਨਾਂ ਦਾ ਵਿਰੋਧੀ ਹੋ ਗਿਆ (ਮੰਖਲੀ ਪੁੱਤਰ ਵਾਰੇ ਵਿਸਥਾਰ ਨਾਲ ਸ੍ਰੀ ਭਗਵਤੀ ਸੂਤਰ, ਉਵਵਾਈ ਸੂਤਰ, ਸੂਤਾਰ-ਕ੍ਰਿਤਾਂਗ ਸੂਤਰ ਅਤੇ ਉਪਾਸਕ ਦਸਾਂਗ ਸੂਤਰ ਵਿਚ ਮਿਲਦਾ ਹੈ) ਉਹ ਆਜੀਵਕ ਸੰਪਰਦਾਏ ਦਾ ਪ੍ਰਚਾਰਕ ਸੀ ਉਸ ਦੇ ਸਾਧੂ ਨੰਗੇ ਰਹਿੰਦੇ ਸਨ। ਉਦਾ ਸੰਪਰਦਾਏ 3 ਸੱਦੀ ਤਕ ਚਲਿਆ। ਅਸ਼ੋਕ ਦੇ ਪੋਤਰੇ ਦਸ਼ਰਥ ਨੇ ਆਜੀਵਕ ਭਿਕਸ਼ੂਆਂ ਲਈ ਗੁਫਾਵਾਂ ਬਨਾਈਆਂ। ਉਸਦਾ ਸਿਧਾਂਤ ਸੀ "ਜੋ ਵੀ ਕੁਝ ਹੁੰਦਾ ਹੈ ਨਿਸ਼ਚਿਤ ਹੈ ਇਥੋਂ ਤੀਕ ਮਨੁਖ ਵੀ 84 ਲੱਖ ਯੋਨੀ ਭੁਗਤ ਆਪਣੇ ਆਪ ਸਿਧ, ਬੁਧ, ਮੁਕਤ ਹੋ ਜਾਂਦਾ ਹੈ, ਉਸ ਨੂੰ ਕਿਸੇ ਤਿਆਗ, ਤਪੱਸਿਆ, ਮੇਹਨਤ ਕ੍ਰਿਆ ਦੀ ਜ਼ਰੂਰਤ ਨਹੀਂ। ਜੋ ਕੁਝ ਹੋਣਾ ਹੈ ਹੋ ਕੇ ਰਹਿੰਦਾ ਹੈ ਹੋਣੀ ਨੂੰ ਕੋਈ ਰੋਕ ਨਹੀਂ ਸਕਦਾ। ਇਸ ਮੱਤ ਨੂੰ ਅਸੀਂ ਭਾਗ, ਹੋਣਹਾਰ ਅਤੇ ਕਿਸਮਤ ਤੇ ਵਿਸ਼ਵਾਸ ਰਖਣ ਵਾਲਾ ਆਖ ਸਕਦੇ ਹਾਂ। ਇਥੇ ਜੋ ਭਗਵਾਨ ਮਹਾਵੀਰ ਦੇ ਸਿਧਾਂਤ ਲਈ 6 ਸ਼ਬਦ ਆਏ ਹਨ ਉਸਦਾ ਅਰਥ ਇਸ ਪ੍ਰਕਾਰ ਹੈ।

1. ਉਥਾਨ—ਕਿਸੇ ਕੰਮ ਲਈ ਉਠ ਕੇ ਖੜੇ ਹੋਏ ਜਾਂ ਉਤਸਾਹ ਪੈਦਾ ਹੋਣਾ।
2. ਕਰਮ-ਕ੍ਰਿਆ—ਕਿਸੇ ਕੰਮ ਲਈ ਆਉਣਾ, ਜਾਣਾ, ਹੱਥ ਪੈਰ ਹਿਲਾਉਣ ਦੀ ਸਰੀਰਕ ਕ੍ਰਿਆ ਕਰਨਾ।
3. ਬਲ—ਸ਼ਰੀਰਕ ਸ਼ਕਤੀ।
4. ਵੀਰਜ—ਆਤਮਾ ਸ਼ਕਤੀ, ਹਿੰਮਤ ਰਖਣਾ, ਹੌਸਲਾ ਨਾ ਹਾਰਨਾ।
5. ਪੁਰਸ਼ਾਕਾਰ—ਆਪਣੀ ਮੇਹਨਤ ਤੇ ਮਾਨ ਕਰਨਾ, ਕਸ਼ਟਾਂ ਨੂੰ ਸਹਿਨ ਕਰਨ ਦੀ ਸ਼ਕਤੀ ਰਖਣਾ, ਮੁਸ਼ਕਿਲਾਂ ਅੱਗੇ ਹਥਿਆਰ ਨਾ ਸੁਟਨਾ।
6. ਪ੍ਰਾਕਰਮ—ਸਫਲਤਾ ਪ੍ਰਾਪਤ ਕਰਨ ਦੀ ਸ਼ਕਤੀ।

ਉਸ ਵਿਚ ਉਥਾਨ ਆਦਿ ਕੁਝ ਵੀ ਨਹੀਂ ਸਭ ਕੁਝ ਨੀਯਤ ਹੈ ਅਤੇ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ ਕਿਉਂਕਿ ਉਸ ਵਿਚ ਉਪਰੋਕਤ ਤੱਤ ਹਨ ਭਾਵ ਕੁਝ ਵੀ ਨਿਯਤ ਨਹੀਂ ਤਾਂ ਤੈਨੂੰ ਜੋ ਦਿੱਵਯ ਅਲੌਕਿਕ ਦੇਵਤਿਆਂ ਵਾਲੀ ਰਿਧੀ ਸੁੰਦਰਤਾ ਅਤੇ ਪ੍ਰਭਾਵ ਕਿਸ ਪ੍ਰਕਾਰ ਪ੍ਰਾਪਤ ਹੋਇਆ ? ਕਿਵੇਂ ਲਭਿਆ ? ਕਿਵੇਂ ਮਿਲਿਆ ? ਕੀ ਇਹ ਬਿਨਾ ਉਥਾਨ ਜਾਂ ਪ੍ਰਾਕਰਮ ਜਾਂ ਮੇਹਨਤ ਤੋਂ ਮਿਲ ਗਿਆ ? ਜਾਂ ਇਸ ਤੋਂ ਬਿਨਾ ? ।170।

ਇਸ ਤੋਂ ਬਾਅਦ ਉਸ ਦੇਵਤੇ ਨੇ ਉੱਤਰ ਦਿਤਾ "ਹੇ ਦੇਵਾਨੁਪ੍ਰਿਯ ! ਮੈਨੂੰ ਇਹ ਅਲੌਕਿਕ ਦੇਵਤਿਆਂ ਵਾਲੀ ਰਿਧੀ ਬਿਨਾ ਮੇਹਨਤ, ਪ੍ਰਾਕਰਮ ਤੋਂ ਹੋਈ ਹੈ । 171 ।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾ ਦੇ ਉਪਾਸਕ ਨੇ ਉਸ ਦੇਵਤੇ ਨੂੰ ਪ੍ਰਸ਼ਨ ਕੀਤਾ "ਹੇ ਦੇਵ ! ਜੇ ਤੈਨੂੰ ਇਸ ਪ੍ਰਕਾਰ ਦੀ ਅਲੌਕਿਕ ਰਿਧੀ ਬਿਨਾ ਉਥਾਨ, ਪ੍ਰਾਕਰਮ ਤੋਂ ਪ੍ਰਾਪਤ ਹੋਈ ਹੈ ਤਾਂ ਜਿਹੜੇ ਜੀਵਾਂ ਕੋਲ ਉਥਾਨ, ਪ੍ਰਾਕਰਮ ਨਹੀਂ ਉਹ ਸਾਰੇ ਦੇਵਤੇ ਕਿਉਂ ਨਾ ਬਣ ਗਏ ? ਹੇ ਦੇਵ ! ਜੇ ਤੈਨੂੰ ਇਹ ਰਿਧੀ ਉਥਾਨ ਤੇ ਪ੍ਰਾਕਰਮ ਨਾਲ ਪ੍ਰਾਪਤ ਹੋਈ ਹੈ ਤਾਂ ਤੇਰਾ ਇਹ ਆਖਣਾ ਝੂਠ ਹੈ, ਕਿ ਮੰਖਲੀ ਪੁੱਤਰ ਗੋਸ਼ਾਲਕ ਦਾ ਧਰਮ ਸੁੰਦਰ ਹੈ ਅਤੇ ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁੰਦਰ ਨਹੀਂ" । 172 ।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਦੇ ਉਪਰੋਕਤ ਵਚਨ ਸੁਣ ਕੇ ਕੋਈ ਉੱਤਰ ਨਾ ਦੇ ਸਕਿਆ । ਉਹ ਦੇਵਤਾ ਕੁੰਡਕੋਲਿਕ ਦੇ ਨਾਂ ਦੀ ਅੰਗੂਠੀ ਅਤੇ ਦੁਪੱਟਾ ਸਿਲ ਤੇ ਰਖ ਕੇ, ਜਿਥੋਂ ਆਇਆ ਸੀ ਉਥੇ ਚਲਾ ਗਿਆ । 173 ।

ਉਸ ਕਾਲ ਉਸ ਸਮੇਂ ਸ਼੍ਰਮਣ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਧਾਰੇ, ਧਾਰਮਿਕ ਸਭਾ ਲਗੀ । 174 ।

(ਸਾਰਾ ਵਰਨਣ ਉਵਵਾਈ ਸੂਤਰ ਵਿਚ ਵੇਖ ਲੈਣਾ ਚਾਹੀਦਾ ਹੈ)

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਭਗਵਾਨ ਦੇ ਆਉਣ ਦੀ ਖਬਰ ਸੁਣ ਕੇ ਕਾਮਦੇਵ ਦੀ ਤਰ੍ਹਾਂ ਦਰਸ਼ਨ ਕਰਨ ਗਿਆ । ਭਗਵਾਨ ਦੀ ਭਗਤੀ ਸੇਵਾ ਕੀਤੀ ਭਗਵਾਨ ਨੇ ਧਰਮ ਉਪਦੇਸ਼ ਦਿਤਾ । 175 ।

ਇਸ ਤੋਂ ਬਾਅਦ ਭਗਵਾਨ ਮਹਾਵੀਰ ਨੇ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਫਰਮਾਇਆ "ਹੇ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ! ਕੱਲ ਅਸ਼ੋਕ ਵਾਟਿਕਾ ਵਿਚ ਤੇਰੇ ਕੋਲ ਇਕ ਦੇਵਤਾ ਪ੍ਰਗਟ ਹੋਕੇ, ਤੇਰੀ ਅੰਗੂਠੀ ਤੇ ਦੁਪੱਟਾ ਚੁਕ ਕੇ ਇਸ ਪ੍ਰਕਾਰ ਆਖਣ ਲੱਗਾ (ਅਗੋਂ ਭਗਵਾਨ ਉਹ ਸਭ ਕੁਝ ਫਰਮਾਇਆ ਜੋ ਕੁੰਡਕੋਲਿਕ ਅਤੇ ਦੇਵਤੇ ਵਿਚਕਾਰ ਗਲ ਬਾਤ ਹੋਈ ਸੀ) ਇਸ ਪ੍ਰਕਾਰ ਸਾਰਾ ਵਿਰਤਾਂਤ ਸੁਣਾ ਕੇ ਭਗਵਾਨ ਨੇ ਪੁਛਿਆ "ਕੀ ਇਹ ਗੱਲ ਠੀਕ ਹੈ" ?

"ਹਾਂ ਭਗਵਾਨ ਸਚ ਹੈ"।

ਹੇ ਕੁੰਡਕੋਲਿਕ ! ਤੂੰ ਧੰਨਵਾਦ ਦਾ ਹਕਦਾਰ ਹੈਂ ਉਸ ਦੀ ਵੀ ਕਾਮਦੇਵ ਦੀ ਤਰ੍ਹਾਂ ਸਭਾ ਵਿਚ ਪ੍ਰਸ਼ੰਸਾ ਕੀਤੀ।

ਭਗਵਾਨ ਮਹਾਵੀਰ ਨੇ ਨਿਰਗ੍ਰੰਥ (ਸਾਧੂ) ਤੇ ਨਿਰਗ੍ਰੰਥਨੀਆਂ (ਸਾਧਵੀਆਂ) ਨੂੰ ਇਕੱਠੇ ਕਰਕੇ ਇਸ ਪ੍ਰਕਾਰ ਫਰਮਾਇਆ "ਅਰਥਾਂ, ਕਾਰਨਾਂ, ਉਦਾਹਰਨਾਂ ਤੇ ਵਿਆਖਿਆਵਾਂ ਨਾਲ ਦੂਸਰੇ ਮਤਾਂ ਨੂੰ ਜੇ ਉਪਾਸਕ ਇਕ ਨੂੰ ਹਰਾ ਸਕਦਾ ਹੈ ਤਾਂ ਹੇ ਆਰੀਆ! ਤੁਸੀਂ ਤਾਂ 12 ਅੰਗਾਂ ਦਾ ਅਧਿਐਨ ਕਰਨ ਵਾਲੇ ਹੋ ਤੁਹਾਨੂੰ ਵੀ ਦੂਜੇ ਧਰਮਾਂ ਵਾਲਿਆਂ ਨੂੰ ਅਜਿਹੇ ਭਿੰਨ ਭਿੰਨ ਅਰਥਾਂ ਵਾਲੇ, ਕਾਰਨਾਂ ਵਾਲੇ ਅਤੇ ਉਦਾਹਰਨਾਂ ਵਾਲੇ ਉੱਤਰ ਦੇ ਕੇ ਉਨ੍ਹਾਂ ਨੂੰ ਲਾ-ਜਵਾਬ ਕਰਨਾ ਚਾਹੀਦਾ ਹੈ। 177।

ਇਸਤੋਂ ਬਾਅਦ ਨਿਰਗ੍ਰੰਥ ਅਤੇ ਨਿਰਗ੍ਰੰਥਨੀਆਂ ਭਗਵਾਨ ਮਹਾਵੀਰ ਦੇ ਉਪਰੋਕਤ ਬਚਨਾਂ ਨੂੰ ਵਿਨੈ ਪੂਰਵਕ ਸਵੀਕਾਰ ਕੀਤਾ। 178।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦੇ ਉਪਾਸਕ ਨੇ ਭਗਵਾਨ ਮਹਾਵੀਰ ਨੂੰ ਸਿਰ ਝੁਕਾ ਕੇ ਨਮਸਕਾਰ ਕੀਤਾ, ਪ੍ਰਸ਼ਨ ਪੁਛੇ ਅਰਥ ਗ੍ਰਹਿਣ ਕੀਤਾ ਅਤੇ ਵਾਪਿਸ ਘਰ ਆ ਗਿਆ ਭਗਵਾਨ ਮਹਾਵੀਰ ਵੀ ਦੇਸ ਵਿਦੇਸ਼ਾਂ ਵਿਚ ਘੁਮਣ ਲਗੇ। 179।

ਇਸ ਤੋਂ ਬਾਅਦ ਕੁੰਡਕੋਲਿਕ ਸ਼੍ਰਮਣਾਂ ਦਾ ਉਪਾਸਕ ਭਿੰਨ ਭਿੰਨ ਪ੍ਰਕਾਰ ਦੇ ਸ਼ੀਲ ਵਰਤਾਂ ਦਾ ਪਾਲਨ ਕਰਦਾ ਹੋਇਆ ਆਤਮ ਵਿਕਾਸ ਵਲ ਅੱਗੇ ਵਧਨ ਲੱਗਾ। 14 ਸਾਲ ਬੀਤ ਗਏ। 15ਵੇਂ ਸਾਲ ਕਾਮਦੇਵ ਦੀ ਤਰ੍ਹਾਂ ਬੜੇ ਪੁਤਰ ਨੂੰ ਘਰ ਬਾਰ ਸੰਭਾਲ ਕੇ ਆਪ ਪੋਸ਼ਧਸ਼ਾਲਾ ਵਿਚ ਜਾਕੇ ਪੋਸ਼ਧ ਕਰਨ ਲੱਗਾ। ਸਿਲਸਲੇ ਵਾਰ 11 ਪ੍ਰਤਿਮਾ ਸਵੀਕਾਰ ਕਰਕੇ ਸੌਧਰਮ ਕਲਪ ਦੇਵਲੋਕ ਵਿਚ ਅਰੁਣਧਵਜ ਵਿਮਾਨ ਵਿਚ ਪੈਦਾ ਹੋਇਆ। ਉਥੋਂ ਚਲ ਕੇ ਉਹ ਮਹਾਂ ਵਿਦੇਹ ਖੇਤਰ ਵਿਚ ਪੈਦਾ ਹੋ ਕੇ ਸਿਧ ਗਤੀ ਪ੍ਰਾਪਤ ਕਰੇਗਾ।180।

---

ਇਹ ਅਧਿਐਨ ਬਹੁਤ ਮਹਤਵ ਪੂਰਨ ਹੈ ਇਸ ਤੋਂ ਪਤਾ ਲਗ ਸਕਦਾ ਹੈ ਕਿ ਭਗਵਾਨ ਮਹਾਵੀਰ ਗ੍ਰਹਿਸਥ ਨੂੰ ਸਨਿਆਸ ਧਰਮ ਦੀ ਤਰ੍ਹਾਂ ਮਹਾਨ ਸਮਝਦੇ ਸਨ ਉਨ੍ਹਾਂ ਦੇ ਉਪਾਸਕ ਸ਼ਾਸਤਰਾਂ ਦੇ ਜਾਨਕਾਰ ਹੋਇਆ ਕਰਦੇ ਸਨ ਭਗਵਾਨ ਮਹਾਵੀਰ ਉਨ੍ਹਾਂ ਦੀ ਕਿੰਨੀ ਕਦਰ ਕਰਦੇ ਸਨ ਕਿ ਉਹ ਆਪਣੇ ਵਿਦਵਾਨ, ਤਿਆਗੀ, ਗਿਆਨੀ ਚੇਲਿਆਂ ਨੂੰ ਅਜਿਹੇ ਉਪਾਸਕਾਂ ਤੋਂ ਸਿਖਣ ਦੀ ਪ੍ਰੇਰਣਾ ਕਰਦੇ ਸਨ ਉਨ੍ਹਾਂ ਦੇ ਗਿਆਨ ਦੀ ਖੁਲੇ ਸਮਾਗਮਾ ਵਿਚ ਪ੍ਰਸ਼ੰਸਾ ਕਰਦੇ ਸਨ।

ਕੁਡੋਲਿਕ ਲਈ ਪੰਜ ਸ਼ਬਦ ਆਏ ਹਨ—

1. ਅਰਥ—ਜੀਵ ਅਜੀਵ ਆਦਿ ਨੌਂ ਤੱਤਵਾਂ ਦਾ ਜਾਨਕਾਰ
2. ਹੇਤੂ—ਅਰਥਾਤ ਕਿਸੇ ਚੀਜ਼ ਨੂੰ ਪੂਰੀ ਤਰ੍ਹਾਂ ਸਿਧ ਕਰਨਾ
3. ਪ੍ਰਸ਼ਨ—ਇਸ ਤੋਂ ਭਾਵ ਹੈ ਪ੍ਰਸ਼ਨ ਪੁਛਣ ਵਾਲੇ ਤੋਂ ਪ੍ਰਸ਼ਨ ਕਰਨਾ ਅਤੇ ਉਸ ਨੂੰ ਝੂਠਾ ਸਿਧ ਕਰਨਾ
4. ਕਾਰਨ—ਉਦਾਹਰਨਾਂ ਰਾਹੀਂ ਗਲ ਸਪਸ਼ਟ ਕਰਨਾ
5. ਵਿਆਕਰਨ—ਪੁਛਣ ਵਾਲੇ ਦੇ ਪ੍ਰਸ਼ਨ ਦੀ ਵਿਆਖਿਆ ਕਰਨਾ।



## • ੭ •

ਇਹ ਅਧਿਐਨ ਭਾਰਤੀ ਇਤਿਹਾਸ ਵਿਚ ਅਪਣੀ ਅਨੋਖੀ ਥਾਂ ਰਖਦਾ ਹੈ। ਸਧਾਲਪੁੱਤਰ ਨਾਂ ਦੇ ਘੁਮਾਰ ਨੇ ਭਗਵਾਨ ਮਹਾਵੀਰ ਦਾ ਧਰਮ ਕਿਸ ਢੰਗ ਨਾਲ ਗ੍ਰਹਿਣ ਕੀਤਾ, ਇਸ ਦਾ ਬੜੇ ਸੁੰਦਰ ਢੰਗ ਨਾਲ ਇਸ ਅਧਿਐਨ ਵਿਚ ਵਰਨਣ ਹੈ। ਇਸ ਅਧਿਐਨ ਵਿਚ ਭਗਵਾਨ ਮਹਾਵੀਰ ਨੇ ਗੋਸ਼ਾਲਕ ਦੇ ਨਿਯਤੀ-ਵਾਦ ਦਾ ਬੜੇ ਤਰਕ ਨਾਲ ਖੰਡਨ ਕੀਤਾ ਹੈ। ਇਸ ਅਧਿਐਨ ਰਾਹੀਂ ਅਸੀਂ ਭਗਵਾਨ ਮਹਾਵੀਰ ਤੇ ਮੰਖਲੀ ਪੁੱਤਰ ਗੋਸ਼ਾਲਕ ਦੇ ਸਿਧਾਂਤ ਦਾ ਫਰਕ ਸਮਝ ਸਕਦੇ ਹਾਂ। ਪੋਲਾਸਪੁਰ ਦਾ ਘੁਮਾਰ ਨਿਯਤੀਵਾਦ ਨੂੰ ਛੱਡ ਕੇ ਭਗਵਾਨ ਮਹਾਵੀਰ ਦੇ ਸਿਧਾਂਤ ਨੂੰ ਅਪਣਾਂਦਾ ਹੋਇਆ, ਅੰਤਮ ਸਮੇਂ ਅਰੁਣਭੂਤ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਅੰਤਮ ਸਮੇਂ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।

# ਸੱਤਵਾਂ ਅਧਿਐਨ

ਸਤਵੇਂ ਅਧਿਐਨ ਦਾ ਸ਼ੁਰੂ ਵੀ ਪਹਿਲੇ ਅਧਿਐਨ ਸ੍ਰੀ ਸੁਧਰਮਾ ਸਵਾਮੀ ਤੇ ਸ੍ਰੀ ਜੰਬੂ ਸਵਾਮੀ ਦਾ ਆਪਸੀ ਵਾਰਤਾਲਾਪ ਹੈ ਉਸਦੇ ਅਰਥ ਰੂਪ ਵਿਚ ਸ੍ਰੀ ਸੁਧਰਮਾ ਸਵਾਮੀ ਫਰਮਾਂਦੇ ਹਨ। ਉਸ ਕਾਲ, ਉਸ ਸਮੇਂ ਪੋਲਾਸਪੁਰ ਨਾਂ ਦਾ ਨਗਰ ਸੀ। ਉਥੇ ਸ਼ਹਸਤਰ ਬਨ ਨਾਂ ਦਾ ਬਾਗ ਸੀ ਉਥੇ ਜਿਤ ਸ਼ਤਰੂ ਰਾਜਾ ਰਾਜ ਕਰਦਾ ਸੀ। 181।

ਇਸ ਤੋਂ ਬਾਅਦ ਉਸੇ ਪੋਲਾਸਪੁਰ ਸ਼ਹਿਰ ਵਿਚ ਸਧਾਲਪੁਤਰ ਨਾਂ ਦਾ ਘੁਮਾਰ ਰਹਿੰਦਾ ਸੀ ਜੋਕਿ ਅਜੀਵਕ ਮੱਤ ਦਾ ਉਪਾਸਕ ਸੀ, ਉਸਨੇ ਆਜੀਵਕ ਸੰਪਰਦਾਏ ਦੇ ਸਿਧਾਂਤ ਨੂੰ ਚੰਗੀ ਤਰ੍ਹਾਂ ਸਮਝ ਕੇ ਸਵੀਕਾਰ ਕੀਤਾ ਸੀ, ਪ੍ਰਸ਼ਨਾਂ ਉੱਤਰਾਂ ਰਾਹੀਂ ਸਪਸ਼ਟ ਕੀਤਾ ਸੀ, ਨਿਸ਼ਚੇ ਨਾਲ ਧਾਰਨ ਕੀਤਾ ਸੀ ਅਤੇ ਸਮਿਅੱਕ ( ਸਹੀ)ਤਰੀਕੇ ਨਾਲ ਜਾਣ ਲਿਆ ਸੀ ਆਜੀਵਕ ਧਰਮ ਦੇ ਸਿਧਾਂਤ ਉਸਦੇ ਹੱਡ ਮਾਸ ਵਿਚ ਰਚ ਚੁਕੇ ਸਨ ਉਹ ਆਖਦਾ ਸੀ "ਹੇ ਲੰਬੀ ਉਮਰ ਵਾਲੇ ! ਆਜੀਵਕ ਸਿਧਾਂਤ ਹੀ ਅਰਥ ਭਰਪੂਰ ਹਨ ਦੂਸਰੇ ਸਿਧਾਂਤ ਅਨਰਥਾਂ ਦੀ ਖਾਨ ਹਨ ਇਸ ਤਰ੍ਹਾਂ ਉਹ ਆਜੀਵਕ ਸਿਧਾਂਤ ਰਾਹੀਂ ਆਤਮਾ ਨੂੰ ਪਵਿਤਰ ਕਰਦਾ ਹੋਇਆ ਜ਼ਿੰਦਗੀ ਗੁਜ਼ਾਰ ਰਿਹਾ ਸੀ। 182।

ਉਸ ਸਧਾਲਪੁਤਰ ਆਜੀਵਕਾਂ ਦੇ ਕੋਲ 1 ਕਰੋੜ ਸੋਨੇ ਦੀਆਂ ਮੋਹਰਾਂ ਦਾ ਖਜ਼ਾਨਾ ਸੀ। ਇਕ ਕਰੋੜ ਸੋਨੇ ਦੀਆਂ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ। ਇਕ ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ। ਦਸ ਹਜ਼ਾਰ ਗਾਵਾਂ ਦਾ ਇਕ ਬ੍ਰਿਜ ਸੀ। 183।

ਉਸ ਸਧਾਲਪੁਤਰ ਆਜੀਵਕਾਂ ਦੇ ਉਪਾਸਕ ਦੀ ਪਤਨੀ ਦਾ ਨਾਂ ਅਗਨੀ ਮਿਤਰਾ ਸੀ। 184।

ਉਸ ਸਧਾਲਪੁੱਤਰ ਆਜੀਵਕਾਂ ਦੇ ਉਪਾਸਕ ਦੀਆਂ ਪੋਲਾਸਪੁਰ ਸ਼ਹਿਰ ਤੋਂ ਬਾਹਰ 500 ਬਰਤਨਾਂ ਦੀਆਂ ਦੁਕਾਨਾਂ ਸਨ। ਜਿਥੇ ਹਰ ਰੋਜ਼ ਬਹੁਤ ਸਾਰੇ ਮਨੁੱਖ ਰੋਜ਼ਾਨਾ ਮਜ਼ਦੂਰੀ ਭੋਜਨ ਤੇ ਤਨਖਾਹ ਪ੍ਰਾਪਤ ਕਰਕੇ ਭਿੰਨ-ਭਿੰਨ ਪ੍ਰਕਾਰ ਦੇ ਕਰਕ (ਪਾਣੀ ਠੰਡਾ ਰਖਣ ਵਾਲੇ ਘੜੇ) ਵਾਰਕ (ਗੁੱਲਕ) ਪਿਠਰ (ਦਹੀ ਜਮਾਉਣ ਵਾਲੀ ਮਿਟੀ ਦੀ ਪਰਾਂਤ), ਘੜੇ, ਅਰਧ ਘਟਕ (ਛੋਟੇ ਮਟਕੇ) ਜਾਮਬੁਨਦ (ਸੁਰਾਹੀ) ਅਤੇ ਉਸਟਰਿਕਾ (ਲੰਬੀ ਗਰਦਨ

ਤੇ ਬੜੇ ਪੇਟ ਵਾਲਾ ਭਾਂਡਾ ਜੋ ਤੇਲ ਘੀ ਭਰਨ ਦੇ ਕੰਮ ਆਉਂਦਾ ਹੈ) ਆਦਿ ਬਨਾਉਂਦੇ ਸਨ। ਇਸੇ ਪ੍ਰਕਾਰ ਬਹੁਤ ਸਾਰੇ ਮਨੁਖ ਰੋਜ਼ਾਨਾ ਮਜ਼ਦੂਰੀ ਤੇ ਤਨਖਾਹ ਤੇ ਸ਼ਹਿਰ ਦੇ ਚੌਕਾਂ ਤੇ ਰਾਹਾਂ ਵਿਚ ਵੇਚਦੇ ਸਨ ਅਤੇ ਅਪਣਾ ਗੁਜ਼ਾਰਾ ਕਰਦੇ ਸਨ। 185।

ਉਹ ਸਧਾਲਪੁੱਤਰ ਆਜੀਵਕਾਂ ਦਾ ਉਪਾਸਕ ਇਕ ਦਿਨ ਦੁਪਹਿਰ ਅਸ਼ੋਕ ਬਨ ਵਿਚ ਆਇਆ ਅਤੇ ਗੋਸ਼ਾਲਕ ਮੰਖਲੀਪੁਤਰ ਰਾਹੀਂ ਪ੍ਰਗਟ ਕੀਤੇ ਧਰਮ ਦੀ ਅਰਾਧਨਾ ਕਰਨ ਲਗਾ।

ਇਸ ਤੋਂ ਬਾਅਦ ਸਧਾਲਪੁਤਰ ਆਜੀਵਕਾਂ ਦੇ ਉਪਾਸਕ ਕੋਲ ਇਕ ਦੇਵਤਾ ਆਇਆ। 186।

ਉਸ ਦੇਵਤੇ ਨੇ ਘੁੰਗਰੂਆਂ ਵਾਲੇ ਕਪੜੇ ਪਾਏ ਹੋਏ ਸਨ। ਉਹ ਅਕਾਸ਼ ਵਿਚ ਸਥਿਤ ਹੋਕੇ ਸਧਾਲਪੁਤਰ ਆਜੀਵਕਾਂ ਦੇ ਉਪਾਸਕ ਨੂੰ ਇਸ ਪ੍ਰਕਾਰ ਆਖਣ ਲਗਾ "ਹੇ ਦੇਵਤੇ ਦੇ ਪਿਆਰੇ! ਕਲ ਇਥੇ ਮਹਾਮਾਹਨ, ਅਨੰਤ ਗਿਆਨ, ਦਰਸ਼ਨ ਦੇ ਧਨੀ, ਭੂਤ, ਵਰਤਮਾਨ ਤੇ ਭਵਿੱਖ ਦੇ ਜਾਨਕਾਰ, ਅਰਿਹੰਤ, ਜਿਨ, ਕੇਵਲੀ ਸਰਵੱਗ, ਸਰਵਦਰਸ਼ੀਸਭ (ਕੁਝ ਵੇਖਣ ਵਾਲੇ) ਤਿੰਨ ਲੋਕ ਵਿਚ ਧਿਆਨ, ਸਤੁਤੀ ਤੇ ਪੂਜਨ ਯੋਗ ਦੇਵ, ਮਨੁਖ ਅਤੇ ਅਸੁਰਾਂ ਰਾਹੀਂ ਪੂਜਨ ਯੋਗ, ਵੰਦਨ ਯੋਗ, ਸਤਿਕਾਰ ਯੋਗ, ਸਨਮਾਨ ਯੋਗ, ਕਲਿਆਣ ਦਾ ਕਾਰਨ, ਮੰਗਲ ਰੂਪ, ਦੇਵਤਾ ਸਵਰੂਪ ਅਤੇ ਗਿਆਨ ਸਵਰੂਪ, ਭਗਤੀ ਕਰਨ ਯੋਗ ਮਹਾਵੀਰ ਸਵਾਮੀ ਕਲ ਇਥੇ ਪਧਾਰਨਗੇ ਤੂੰ ਉਨ੍ਹਾਂ ਦੀ ਭਗਤੀ ਤੇ ਵੰਦਨਾ ਕਰੀਂ, ਉਨ੍ਹਾਂ ਨੂੰ ਬੈਠਣ ਦੀ ਚੌਕੀ, ਸੌਣ ਦਾ ਫੱਟਾ ਰਹਿਣ ਲਈ ਥਾਂ ਅਤੇ ਘਾਹ ਦਾ ਵਿਛੌਣਾ ਪੇਸ਼ ਕਰੀਂ ਇਸ ਪ੍ਰਕਾਰ ਦੇਵਤਾ

---

1. ਗੋਸ਼ਾਲਕ ਦਾ ਨਿਯਤੀਵਾਦ

186. (1) ਮਹਾਮਾਹਨ—ਇਹ ਭਗਵਾਨ ਮਹਾਵੀਰ ਦਾ ਖਾਸ ਵਿਸ਼ੇਸ਼ਨ ਹੈ ਇਸ ਬਾਰੇ ਟੀਕਾਕਾਰ ਦਾ ਕਥਨ ਇਸ ਪ੍ਰਕਾਰ ਹੈ।

महामाहणे त्ति मां हन्मि न हन्मीत्यर्थः आत्मना व हननिवृत्तः परं प्रति मा हन इत्येवमाचष्टे यः स माहनः स एव मनप्रभृतिकरणादिभिराजन्म सूक्ष्मादिभेदभिन्न जीवहननिवृत्तत्वात् महामाहनः।

ਭਾਵ-ਅਰਥ ਮਾਹਨ ਤੋਂ ਭਾਵ ਹੈ ਕਿਸੇ ਨੂੰ ਵੀ ਨਾ ਮਾਰੋ ਇਸ ਦਾ ਅਰਥ ਬ੍ਰਾਹਮਣ ਵੀ ਹੈ ਜੋ ਮਨੁਖ ਨਾ ਆਪ ਕਿਸੇ ਨੂੰ ਮਾਰਨ ਦੀ ਕੋਸ਼ਿਸ਼ ਕਰਦਾ ਹੈ ਅਤੇ ਨਾ ਹੀ ਕਿਸੇ ਨੂੰ ਮਾਰਨ ਦਾ ਉਪਦੇਸ਼ ਦਿੰਦਾ ਹੈ ਜੋ ਮਨੁਖ ਜਾਂ ਮੋਟੇ ਜੀਵਾਂ ਦੀ ਹਿੰਸਾ ਤੋਂ ਸਦਾ ਲਈ ਛੁਟਕਾਰਾ ਪਾ ਲੈਂਦਾ ਹੈ ਉਹ ਹੀ ਮਹਾਮਾਹਨ ਹੈ।

ਦੋ ਤਿੰਨ ਵਾਰ ਆਖ ਕੇ ਜਿਸ ਦਿਸ਼ਾ ਵਲੋਂ ਆਇਆ ਸੀ ਉਸੇ ਪਾਸੇ ਚਲਾ ਗਿਆ। 186।

ਉਸ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਸਧਾਲਪੁੱਤਰ ਆਜੀਵਕਾਂ ਦਾ ਉਪਾਸਕ ਸੋਚਦਾ ਹੈ ਕਿ ਮੇਰੇ ਧਰਮ ਆਚਾਰੀਆ, ਧਰਮ ਉਪਦੇਸ਼ਕ ਗੋਸ਼ਾਲਕ ਮੰਖਲੀਪੁਤਰ ਮਹਾ-ਮਾਹਨ, ਅਨੰਤ ਗਿਆਨ,, ਦਰਸ਼ਨ ਦੇ ਧਨੀ ਆਦਿ ਕਰਮ ਰੂਪੀ ਸੰਪਤੀ ਦੇ ਸਵਾਮੀ ਕਲ ਆਉਣਗੇ ਮੈਂ ਉਨ੍ਹਾਂ ਨੂੰ ਨਮਸਕਾਰ ਕਰਾਂਗਾ, ਭਗਤੀ ਕਰਾਂਗਾ ਫੱਟਾ ਤਖਤਪੋਸ਼ ਆਦਿ ਲਈ ਬੇਨਤੀ ਕਰਾਂਗਾ। 188।

ਦੂਸਰੇ ਦਿਨ ਸਵੇਰੇ ਹੀ ਸ਼੍ਰਮਣ ਭਗਵਾਨ ਮਹਾਵੀਰ ਉਸ ਨਗਰੀ ਵਿਚ ਪਹੁੰਚੇ। ਧਰਮ ਸਭਾ ਲਗੀ। ਲੋਕਾਂ ਨੇ ਭਗਵਾਨ ਦੀ ਭਗਤੀ ਕੀਤੀ। 189।

ਸਧਾਲਪੁਤਰ ਆਜੀਵਕਾਂ ਦੇ ਉਪਾਸਕ ਨੇ ਜਦ ਇਹ ਸਭ ਵਿਰਤਾਂਤ ਸੁਣਿਆ ਕਿ ਭਗਵਾਨ ਮਹਾਵੀਰ ਪਧਾਰ ਗਏ ਹਨ ਉਸਦੇ ਦਿਲ ਵਿਚ ਆਇਆ "ਮੈਂ ਵੀ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕਰਨ ਜਾਵਾਂਗਾ ਮੈਂ ਉਨ੍ਹਾਂ ਦੀ ਭਗਤੀ ਕਰਾਂਗਾ" ਇਸ ਪ੍ਰਕਾਰ ਸੋਚ ਕੇ ਉਸਨੇ ਇਸ਼ਨਾਨ ਕੀਤਾ, ਕੌਤਿਕ ਅਤੇ ਮੰਗਲਾਚਾਰ ਕੀਤਾ। ਸਭਾ ਵਿਚ ਜਾਣ ਯੋਗ ਕਪੜੇ ਪਹਿਨੇ, ਥੋੜੇ ਭਾਰ ਵਾਲੇ ਕੀਮਤੀ ਗਹਿਣਿਆਂ ਨਾਲ ਆਪਣੇ ਸ਼ਰੀਰ ਨੂੰ ਸਜਾਇਆ ਅਤੇ ਲੋਕਾਂ ਨਾਲ ਘਰੋਂ ਨਿਕਲ ਕੇ ਪੋਲਾਸਪੁਰ ਨਗਰ ਤੋਂ ਬਾਹਰ ਸਹਸਤਰਬਣ ਬਾਗ ਵਿਚ ਪਹੁੰਚਿਆ, ਜਿਥੇ ਭਗਵਾਨ ਮਹਾਵੀਰ ਵਿਰਾਜਮਾਨ ਸਨ। ਉਸਨੇ ਬੰਦਨਾ ਕੀਤੀ, ਨਮਸਕਾਰ ਕਰਕੇ ਭਗਤੀ ਕਰਨ ਲਗਾ। 190।

ਤਦ ਸ਼੍ਰਮਣ ਭਗਵਾਨ ਮਹਾਂਵੀਰ ਨੇ ਉਸ ਵਿਸ਼ਾਲ ਇਕਠ ਵਿਚ ਸਧਾਲਪੁਤਰ ਆਜੀਵਕਾ ਦੇ ਉਪਾਸਕ ਨੂੰ ਧਰਮ ਉਪਦੇਸ਼ ਦਿਤਾ। ਧਰਮ-ਕਥਾ ਖਤਮ ਹੋਈ। 191।

ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਸਧਾਲਪੁਤਰ ਆਜੀਵਕਾ ਦੇ ਉਪਾਸਕ ਨੂੰ ਪੁਛਿਆ "ਹੇ ਸਧਾਲਪੁਤਰ ! ਕਲ ਜਦ ਤੂੰ ਅਸ਼ੋਕ ਬਣ ਵਿਚ ਸੀ ਤੇਰੇ ਕੋਲ ਇਕ ਦੇਵਤਾ ਆਇਆ, ਉਸ਼ਨੇ ਇਸ ਪ੍ਰਕਾਰ ਕਿਹਾ "ਕਿ ਅਰਿਹੰਤ, ਕੇਵਲੀ ਆ ਰਹੇ ਹਨ" ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਭਰੀ ਸਭਾ ਵਿਚ ਸਧਾਲਪੁਤਰ ਨਾਲ ਬੀਤੀ ਘਟਨਾ ਸੁਣਾਈ ਅਤੇ ਪੁਛਿਆ, "ਕੀ ਇਹ ਠੀਕ ਹੈ ?"

"ਹਾਂ, ਭਗਵਾਨ ਇਹ ਠੀਕ ਹੈ" ਸਧਾਲਪੁਤਰ ਨੇ ਕਿਹਾ।

"ਹੇ ਸਧਾਲਪੁਤਰ ! ਇਹ ਗੱਲ ਦੇਵਤੇ ਨੇ ਗੋਸ਼ਾਲਕ ਮੰਖਲੀ ਪੁਤਰ ਬਾਰੇ ਨਹੀਂ ਆਖੀ ਸੀ"

(ਇਸ ਪ੍ਰਕਾਰ ਭਗਵਾਨ ਮਹਾਵੀਰ ਨੇ ਉਸ ਦਾ ਸ਼ਕ ਦੂਰ ਕੀਤਾ) । 192 ।

ਸ਼੍ਰਮਣ ਭਗਵਾਨ ਮਹਾਵੀਰ ਦੀ ਇਹ ਗਲ ਸੁਣਕੇ ਸਧਾਲਪੁਤਰ ਅਜੀਵਕਾ ਦਾ ਉਪਾਸਕ ਦਿਲ ਵਿਚ ਸੋਚਣ ਲਗਾ "ਇਹ ਅਨੰਤ ਗਿਆਨ, ਅਨੰਤ ਦਰਸ਼ਨ ਦੇ ਧਾਰਕ ਆਦਿ ਕਰਮ ਸੰਪਦਾ ਦੇ ਧਨੀ ਸ਼੍ਰਮਣ ਭਗਵਾਨ ਮਹਾਵੀਰ ਹਨ ਮੈਨੂੰ ਚਾਹੀਦਾ ਹੈ ਕਿ ਮੈਂ ਇਨ੍ਹਾਂ ਨੂੰ ਨਮਸਕਾਰ ਕਰਕੇ ਚੌਂਕੀ, ਫੱਟੇ ਲਈ ਬੇਨਤੀ ਕਰਾਂ" । ਇਹ ਸੋਚ ਕੇ ਉਹ ਉਠਿਆ ਤੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸਕਾਰ ਕਰਕੇ ਬੇਨਤੀ ਕਰਨ ਲਗਾ "ਹੇ ਸਵਾਮੀ ! ਪੋਲਾਸਪੁਰ ਸ਼ਹਿਰ ਦੇ ਬਾਹਰ ਮੇਰੀਆਂ 500 ਦੁਕਾਨਾਂ ਹਨ ਉਥੇ ਆਪ ਚੌਂਕੀ ਫੱਟਾ ਗ੍ਰਹਿਣ ਕਰਕੇ ਮੇਰੇ ਤੇ ਕ੍ਰਿਪਾ ਕਰੋ । 193 ।

ਤਦ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸਕ ਦੀ ਉਪਰੋਕਤ ਬੇਨਤੀ ਨੂੰ ਸਵੀਕਾਰ ਕੀਤਾ । ਸਧਾਲਪੁਤਰ ਦੀਆਂ 500 ਦੁਕਾਨਾਂ ਤੋਂ ਪ੍ਰਾਸੁਕ (ਜੀਵ ਰਹਿਤ) ਏਸ਼ਨੀਆ (ਸ਼ੁਧ) ਚੌਂਕੀ, ਫੱਟਾ ਤੇ ਵਿਛੌਣਾ ਲਿਆ । 194 ।

ਇਕ ਦਿਨ ਸਧਾਲ ਪੁਤਰ ਅਜੀਵਕਾ ਦਾ ਉਪਾਸ਼ਕ ਹਵਾ ਵਿਚ ਸੁੱਕੇ ਹੋਏ ਭਾਂਡਿਆਂ ਨੂੰ ਕੋਲੇ ਤੋਂ ਬਾਹਰ ਲਿਆ ਕੇ ਧੁੱਪ ਵਿਚ ਸੁਕਾਉਣ ਲਗਾ ।195।

ਇਹ ਵੇਖ ਕੇ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਨੂੰ ਪੁਛਿਆ "ਇਹ ਭਾਂਡੇ ਕਿਵੇਂ ਬਣੇ ?" ।196।

ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਨੇ ਕਿਹਾ, "ਹੇ ਭਗਵਾਨ ਪਹਿਲਾਂ ਮਿੱਟੀ ਆਈ, ਫਿਰ ਉਸ ਨੂੰ ਪਾਣੀ ਵਿਚ ਘੋਲਿਆ ਗਿਆ, ਫਿਰ ਰਾਖ ਅਤੇ ਗੋਹਾ ਮਿਲਾ ਕੇ ਚੱਕ ਤੇ ਚੜ੍ਹਾਇਆ ਗਿਆ ਤਦ ਇਹ ਭਾਂਡੇ ਬਣੇ" ।197।

---

ਪਾਠ ਨੰ: 192 ਦੀ ਟਿੱਪਣੀ ।

ਤਥ ਕਰਮ ਸੰਪਦਾ ਸੰਪ੍ਰਯੁਕਤ—ਇਸ ਤੋਂ ਭਾਵ ਇਹ ਹੈ ਕਿ ਭਗਵਾਨ ਮਹਾਵੀਰ ਖਾਲੀ ਉਪਦੇਸ਼ਕ ਹੀ ਨਹੀਂ ਸਨ ਸਗੋਂ ਕਰਮ ਸੰਪਦਾ ਤੇ ਯਕੀਨ ਰਖਦੇ ਸਨ ਭਾਵ ਉਸ ਉਪਦੇਸ਼ ਤੇ ਆਪ ਵੀ ਉਸੇ ਪ੍ਰਕਾਰ ਚਲਦੇ ਸਨ ਜਿਵੇਂ ਉਹ ਸੰਸਾਰ ਨੂੰ ਆਖਦੇ ਸਨ । ਤਥ ਕਰਮ ਸੰਪਦਾ ਦੋ ਪ੍ਰਕਾਰ ਦੀ ਹੈ ।

(1) ਤਥ—ਜ਼ਿੰਦਗੀ ਨੂੰ ਉਪਰ ਚੁਕਣ ਵਾਲੀ

(2) ਅਤਥ—ਫਜ਼ੂਲ ਜੋ ਕੇਵਲ ਵਖਾਵੇ ਲਈ ਹੋਵੇ

ਭਗਵਾਨ ਮਹਾਂਵੀਰ ਨੇ ਵਿਖਾਵੇ ਦੀ ਤਪਸਿਆ ਨੂੰ ਬਾਲ ਤਪ ਕਿਹਾ ਹੈ ।

ਵਿਰਤੀਕਾਰ ਸ਼੍ਰੀ ਅਭੇਦੇਵ ਸੂਰੀ ਨੇ ਇਸ ਪ੍ਰਕਾਰ ਕਿਹਾ ਹੈ ।

**तच्चकम्मत्ति तथ्यानि सत्फलानि अव्यभिचारितया यानि कर्माणि-क्रियास्तत्सम्पदा तत्समृद्धया यः सम्प्रयुक्तो युक्तः स 'तथा'**

ਇਸ ਤੋਂ ਬਾਅਦ ਭਗਵਾਨ ਮਹਾਂਵੀਰ ਨੇ ਸਧਾਲ ਪੁਤਰ ਅਜੀਵਕਾ ਦੇ ਉਪਾਸ਼ਕ ਤੋਂ ਫਿਰ ਪੁਛਿਆ "ਹੇ ਸਧਾਲ ਪੁਤਰ ਕਿ ਇਹ ਭਾਂਡੇ ਪੁਰਸ਼ਾਰਥ (ਮੇਹਨਤ) ਪ੍ਰਾਕ੍ਰਮ ਆਦਿ ਤੋਂ ਬਣੇ ਹਨ ? ਜਾਂ ਇਨ੍ਹਾਂ ਤੋਂ ਬਿਨਾਂ ?" ।198।

ਇਹ ਗੱਲ ਸੁਣ ਕੇ ਸਧਾਲਪੁਤਰ ਅਜੀਵਕਾ ਦਾ ਉਪਾਸਕ ਇਸ ਪ੍ਰਕਾਰ ਆਖਣ ਲਗਾ "ਹੇ ਭਗਵਾਨ ਇਹ ਸਾਰੇ ਭਾਂਡੇ ਬਿਨਾ ਪੁਰਸ਼ਾਰਥ, ਪ੍ਰਾਕ੍ਰਮ ਤੋਂ ਬਣੇ ਹਨ ਉਥਾਨ ਦਾ ਕੋਈ ਅਰਥ ਨਹੀਂ ਸਾਰੇ ਪਰੀਵਰਤਨ ਨਿਯਤ ਹਨ (ਭਾਵ ਜੋ ਹੋਣਾ ਹੈ ਹੋਕੇ ਰਹਿੰਦਾ ਹੈ) ।199।

ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸਕ ਨੂੰ ਪੁਛਿਆ "ਹੇ ਸਧਾਲਪੁਤਰ ! ਜੇ ਕੋਈ ਆਦਮੀ ਤੇਰੇ ਸੁਕੇ ਭਾਂਡਿਆਂ ਨੂੰ ਚੁਕ ਲਵੇ, ਚੁਰਾ ਲਵੇ, ਕਿਤੇ ਚੁਕ ਕੇ ਰਖ ਦੇਵੇ, ਤੇਰੀ ਅਗਨੀ ਮਿਤਰਾ ਨਾਂ ਦੀ ਇਸਤਰੀ ਨਾਲ ਤੇਰੇ ਸਾਹਮਣੇ ਕਾਮ ਭੋਗ ਕਰੇ, ਤੂੰ ਉਸ਼ ਪੁਰਸ਼ ਨੂੰ ਕੀ ਸਜ਼ਾ ਦੇਵੇਂਗਾ ?"

ਸਧਾਲਪੁਤਰ, "ਹੇ ਭਗਵਾਨ ਮੈਂ ਉਸ ਮਨੁਖ ਨੂੰ ਗਾਲਾਂ ਦੇਵਾਂਗਾ, ਫਟਕਾਰਾਂਗਾ, ਕੁਟਾਂਗਾ, ਬਨ੍ਹ ਲਵਾਂਗਾ, ਪੈਰਾਂ ਹੇਠਾਂ ਕੁਚਲ ਦੇਵਾਂਗਾ, ਧਿਕਾਰਾਂਗਾ, ਤਾੜਾਂਗਾ, ਨੋਚ ਦੇਵਾਂਗਾ, ਭਲਾ ਬੁਰਾ ਆਖਾਂਗਾ, ਉਸ ਨੂੰ ਜਾਨ ਤੋਂ ਮਾਰ ਦੇਵਾਂਗਾ" ।

ਭਗਵਾਨ ਮਹਾਵੀਰ—ਹੇ ਸਧਾਲਪੁਤਰ ! ਤੇਰੇ ਧਰਮ ਦੀ ਮਾਨਤਾ ਅਨੁਸਾਰ ਨਾ ਤਾਂ ਕੋਈ ਪੁਰਸ਼ ਤੇਰੇ ਭਾਂਡੇ ਚੁਰਾਂਦਾ ਹੈ ਅਤੇ ਨਾ ਹੀ ਤੇਰੀ ਇਸਤਰੀ ਨਾਲ ਦੁਰਾਚਾਰ ਕਰਦਾ ਹੈ, ਨਾ ਹੀ ਤੂੰ ਉਸ ਪੁਰਸ਼ ਨੂੰ ਸਜ਼ਾ ਦਿੰਦਾ ਹੈ ਕਿਉਂਕਿ ਤੇਰੇ ਮਤ ਵਿਚ ਪੁਰਸ਼ਾਰਥ ਜਾਂ ਪ੍ਰਾਕ੍ਰਮ ਹੈ ਹੀ ਨਹੀਂ ਜੋ ਕੁਝ ਹੁੰਦਾ ਹੈ ਆਪਣੇ ਆਪ ਹੁੰਦਾ ਹੈ। ਇਸ ਤੋਂ ਉਲਟ ਜੇ ਕੋਈ ਆਦਮੀ ਤੇਰੇ ਭਾਂਡੇ ਚੁਰਾਉਂਦਾ ਹੈ ਜਾਂ ਤੇਰੀ ਪਤਨੀ ਨਾਲ ਭੈੜਾ ਵਰਤਾਓ ਕਰਦਾ ਹੈ ਅਤੇ ਤੂੰ ਉਸਨੂੰ ਗਾਲਾਂ ਦੇਵੇਂਗਾ, ਮਾਰੇਂਗਾ ਤੇਰਾ ਇਹ ਆਖਣਾ ਝੂਠ ਹੈ ਕਿਉਂਕਿ ਤੁਹਾਡੇ ਮਤ ਵਿਚ ਮਿਹਨਤ ਆਦਿ ਕੁਝ ਨਹੀਂ ਸਭ ਕੁਝ ਨਿਯਤ ਹੈ।

ਇਹ ਸੁਣਕੇ ਸਧਾਲਪੁਤਰ ਅਜੀਵਕਾ ਦਾ ਉਪਾਸ਼ਕ ਸਚਾਈ ਨੂੰ ਸਮਝ ਗਿਆ ਇਸਤੋਂ ਬਾਅਦ ਸਧਾਲਪੁਤਰ ਅਜੀਵਕਾ ਦਾ ਉਪਾਸ਼ਕ ਭਗਵਾਨ ਮਹਾਵੀਰ ਨੂੰ ਬੰਦਨ ਨਮਸਕਾਰ ਕਰਕੇ ਆਖਣ ਲਗਾ, "ਹੇ ਭਗਵਾਨ ਮੈਂ ਆਪ ਦਾ ਧਰਮ ਸੁਨਣਾ ਚਾਹੁੰਦਾ ਹਾਂ" । 200

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਸਧਾਲਪੁਤਰ ਅਜੀਵਕਾ ਦੇ ਉਪਾਸ਼ਕ ਨੂੰ ਧਰਮ ਉਪਦੇਸ਼ ਦਿਤਾ । 201

ਇਸਤੋਂ ਬਾਅਦ ਸਧਾਲਪੁਤਰ ਅਜੀਵਕਾ ਦਾ ਉਪਾਸ਼ਕ ਬਹੁਤ ਖੁਸ਼ ਹੋਇਆ ਅਤੇ ਉਸਨੇ ਸੰਤੋਖ ਅਨੁਭਵ ਕੀਤਾ, ਆਂਨਦ ਦੀ ਤਰਾਂ ਗ੍ਰਹਿਸਥ ਧਰਮ ਸਵੀਕਾਰ ਕੀਤਾ

ਫਰਕ ਇਹ ਹੀ ਹੈ ਕਿ ਇਸਦੇ ਇਕ ਕਰੋੜ ਸੋਨੇ ਦੀਆਂ ਮੋਹਰਾਂ ਖਜ਼ਾਨੇ ਵਿਚ ਸਨ ਇਕ ਕਰੋੜ ਮੋਹਰਾਂ ਵਿਉਪਾਰ ਵਿਚ ਲਗੀਆਂ ਹੋਈਆਂ ਸਨ ਇਕ ਕਰੋੜ ਸੋਨੇ ਦੀਆਂ ਮੋਹਰਾਂ ਘਰ ਦੇ ਸਮਾਨ ਵਿਚ ਲਗੀਆਂ ਹੋਈਆਂ ਸਨ ਦਸ ਹਜਾਰ ਗਾਵਾਂ ਦਾ ਇਕ ਬਿਰਜ ਸੀ ਸਧਾਲਪੁਤਰ ਨੇ ਸ਼੍ਰਮਣ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਪੋਲਾਸਪੁਰ ਨਗਰ ਵਿਚੋਂ ਹੁੰਦਾ ਹੋਇਆ ਆਪਣੇ ਘਰ ਪਹੁੰਚਿਆ, ਉਥੇ ਜਾਕੇ ਆਪਣੀ ਧਰਮਪਤਨੀ ਅਗਨੀ ਮਿਤਰਾਂ ਨੂੰ ਆਖਣ ਲਗਾ "ਹੇ ਦੇਵਤਿਆਂ ਦੀ ਪਿਆਰੀ ! ਇਸ ਪ੍ਰਕਾਰ ਸ਼੍ਰਮਣ ਭਗਵਾਨ ਮਹਾਵੀਰ ਪਧਾਰੇ ਹਨ, ਤੂੰ ਵੀ ਜਾਕੇ ਉਨਾਂ ਨੂੰ ਬੰਦਨਾ ਨਮਸਕਾਰ ਕਰਕੇ ਭਗਤੀ ਕਰ, ਉਨਾਂ ਪਾਸੋਂ ਪੰਜ ਅਣੂਵਰਤ ਅਤੇ ਸਤ ਸਿਖਿਆ ਵਰਤ ਰੂਪੀ ਗ੍ਰਹਿਸਥ ਧਰਮ ਸਵੀਕਾਰ ਕਰ । 202

ਇਸਤੋਂ ਬਾਅਦ ਅਗਨੀ ਮਿਤਰਾ ਇਸ ਢੰਗ ਨਾਲ ਆਪਣੇ ਪਤੀ ਦੇ ਉਪਰੋਕਤ ਕਥਨ ਨੂੰ ਨਿਮਰਤਾ ਨਾਲ ਸਵੀਕਾਰ ਕੀਤਾਂ । 203

ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਨੇ ਆਪਣੇ ਪਰੀਵਾਰ ਦੇ ਨੌਕਰਾਂ ਨੂੰ ਬੁਲਾਕੇ ਹੁਕਮ ਦਿਤਾ "ਹੇ ਦੇਵਤਿਆਂ ਦੇ ਪਿਆਰਿਓ ! ਛੇਤੀ ਤੇਜ ਚਲਣ ਵਾਲਾ ਰਥ ਸਜਾਓ ਉਸ ਨਾਲ ਅਜਿਹੀ ਨਵੀਂ ਉਮਰ ਦੇ ਬਲਦਾਂ ਦੀ ਜੋੜੀ ਜੋੜਨਾ, ਜਿਸ ਦੇ ਖੁਰ ਤੇ ਪੂਛ ਇਕ ਰੰਗ ਦੇ ਹੋਣ, ਸਿੰਗ ਭਿੰਨ ਭਿੰਨ ਰੰਗਾਂ ਨਾਲ ਰੰਗੇ ਹੋਣ, ਉਨਾਂ ਦੇ ਗਲ ਵਿਚ ਗਹਿਣੇ ਪਾਉਣਾ, ਨੱਕ ਵਿਚ ਸੋਨੇ ਦੀ ਰਸੀ ਦੀ ਨਕੇਲ ਪਾਉਣਾ, ਮੱਥੇ ਤੇ ਨੀਲ ਕਮਲ ਦੇ ਫੁੱਲ ਸਜੇ ਹੋਣ, ਰਥ ਤੇ ਭਿੰਨ ਭਿੰਨ ਪ੍ਰਕਾਰ ਦੀਆਂ ਮਣੀਆਂ ਤੇ ਘੰਟੀਆਂ ਜੜੀਆਂ ਹੋਣ, ਇਨਾਂ ਬਲਦਾਂ ਦਾ ਜੂਆ ਚੰਗੀ ਲਕੜੀ ਦਾ ਬਣਿਆ ਹੋਵੇ, ਬਨਾਵਟ ਨਵੀਂ ਸਧਾਰਨ ਤੇ ਸੋਹਣੀ ਹੋਵੇ ਧਰਮ ਕ੍ਰਿਆ ਦੇ ਲਈ ਯੋਗ ਰਥ ਪੇਸ਼ ਕਰੋ ਅਤੇ ਹੁਕਮ ਦਾ ਪਾਲਣ ਕਰਕੇ ਮੈਨੂੰ ਸੂਚਨਾ, ਦੇਵੋ । 204

ਨੌਕਰ ਨੇ ਹੁਕਮ ਅਨੁਸਾਰ ਰਥ ਤਿਆਰ ਕਰਕੇ ਸਧਾਲਪੁਤਰ ਨੂੰ ਸੂਚਨਾ ਦਿਤੀ । 205

ਇਸਤੋਂ ਬਾਅਦ ਅਗਨੀਮਿਤਰਾ ਨੇ ਇਸ਼ਨਾਨ ਕੀਤਾ, ਸ਼ੁਧ ਅਤੇ ਸਭਾ ਵਿਚ ਪ੍ਰਵੇਸ਼ ਯੋਗ ਉੱਤਮ ਕਪੜੇ ਧਾਰਨ ਕੀਤੇ, ਘਟ ਭਾਰ ਅਤੇ ਵਡਮੁੱਲੇ ਗਹਿਨੇ ਸਰੀਰ ਦਾ ਸ਼ਿੰਗਾਰ ਕੀਤਾ, ਦਾਸੀਆਂ ਨਾਲ ਘਿਰੀ ਹੋਈ ਧਾਰਮਿਕ ਰਥ ਤੇ ਸਵਾਰ ਹੋਕੇ ਪੋਲਾਸਪੁਰ ਨਗਰ ਵਿਚਕਾਰ ਹੁੰਦੀ ਹੋਈ ਸਹਸਤਰਬਨ ਪਹੁੰਚੀ ਰਥ ਤੋਂ ਉਤਰ ਕੇ ਸ਼੍ਰਮਣ ਭਗਵਾਨ ਮਹਾਵੀਰ ਕੋਲ ਪਹੁੰਚੀ । ਭਗਵਾਨ ਨੂੰ ਤਿੰਨ ਵਾਰ ਹਥ ਜੜ ਕੇ ਬੰਦਨਾ ਨਮਸ਼ਕਾਰ ਕੀਤਾ, ਨਾ ਬਹੁਤ ਦੂਰ, ਨਾ ਬਹੁਤ ਨੇੜੇ ਹੋਕੇ ਹਥ ਜੋੜ ਕੇ ਉਪਾਸ਼ਨਾ ਕਰਨ ਲਗੀ । 206

ਇਸਤੋਂ ਬਾਅਦ ਸ਼੍ਰਮਣ ਭਗਵਾਨ ਮਹਾਵੀਰ ਨੇ ਅਗਨੀਮਿਤਰਾ ਨੂੰ ਧਰਮ–ਉਪਦੇਸ਼ ਦਿਤਾ । 207

ਸ਼੍ਰਮਣ ਭਗਵਾਨ ਮਹਾਵੀਰ ਦਾ ਧਰਮ ਸੁਣਕੇ ਅਗਨੀਮਿਤਰਾ ਇਸਤਰੀ ਬਹੁਤ ਖੁਸ਼ ਹੋਈ। ਉਸਨੇ ਭਗਵਾਨ ਮਹਾਵੀਰ ਨੂੰ ਬੰਦਨਾ ਨਮਸਕਾਰ ਕੀਤਾ ਅਤੇ ਕਿਹਾ "ਹੇ ਭਗਵਾਨ ! ਮੈਂ ਨਿਰਗਰੰਥ ਪ੍ਰਵਚਨ ਤੇ ਸ਼ਰਧਾ ਕਰਦੀ ਹਾਂ, ਜਿਸ ਤਰਾਂ ਆਪ ਆਖਦੇ ਹੋ ਇਹ ਸਭ ਉਸੇ ਪ੍ਰਕਾਰ ਹੈ । ਆਪ ਕੋਲ ਜਿਵੇਂ ਹੋਰ ਦੇਵਤੇ ਦੇ ਪਿਆਰੇ ! ਉਗਰ ਵੰਸੀ, ਭੋਗ ਵੰਸ਼ੀ ਲੋਕ ਦੀਖਿਅਤ ਹੋ ਚੁਕੇ ਹਨ ਮੈਂ ਅਜਿਹਾ ਕਰਨ ਤੋਂ ਅਸਮਰਥ ਹਾਂ, ਮੈਂ ਆਪ ਪਾਸੋਂ ਪੰਜ ਅਣੂਵਰਤ, ਸੱਤ ਸਿਖਿਆ ਵਰਤ ਰੂਪੀ ਧਰਮ ਨੂੰ ਗ੍ਰਹਿਣ ਕਰਦੀ ਹਾਂ" ਭਗਵਾਨ ਨੇ ਕਿਹਾ ਹੇ ਦੇਵਤਿਆਂ ਦੀ ਪਿਆਰੀ ! ਜਿਵੇ ਤੇਰੀ ਆਤਮਾ ਨੂੰ ਸੁਖ ਹੋਵੇ ਧਰਮ ਕਰ, ਪਰ ਸੁਭ ਕੰਮ ਵਿਚ ਦੇਰ ਨਾ ਕਰ । 208

ਇਸਤੋਂ ਬਾਅਦ ਅਗਨੀਮਿਤਰਾ ਇਸਤਰੀ ਨੇ ਸ਼੍ਰਮਣ ਭਗਵਾਨ ਮਹਾਵੀਰ ਤੋਂ ਪੰਜ ਅਣੂਵਰਤ, ਸੱਤ ਸਿਖਿਆ ਵਰਤ ਗ੍ਰਹਿਣ ਕੀਤੇ, ਸ਼੍ਰਮਣ ਭਗਵਾਨ ਮਹਾਵੀਰ ਨੂੰ ਨਮਸ਼ਕਾਰ, ਕੀਤਾ ਅਤੇ ਉਸੇ ਧਾਰਮਿਕ ਰਥ ਤੇ ਸਵਾਰ ਹੋਕੇ ਵਾਪਿਸ ਚਲੀ ਗਈ ਜਿਸ ਦਿਸ਼ਾ ਤੋਂ ਚੜ ਕੇ ਆਈ ਸੀ । 209

ਉਸਤੋਂ ਬਾਅਦ ਇਕ ਦਿਨ ਸ਼੍ਰਮਣ ਭਗਵਾਨ ਮਹਾਵੀਰ ਪੋਲਾਸਪੁਰ ਦੇ ਸਹਸਤਰਬਨ ਬਾਗ ਤੋਂ ਚਲ ਕੇ ਹੋਰ ਦੇਸ਼ਾਂ ਵਿਚ ਘੁਮਨ ਲਗੇ । 210

ਇਸਤੋਂ ਬਾਅਦ ਸਧਾਲਪੁਪਰ ਸ਼੍ਰਮਣਾ ਦਾ ਉਪਾਸਕ ਜੀਵ, ਅਜੀਵ ਆਦਿ ਨੌ ਤੱਤਾਂ ਦਾ ਜਾਨਕਾਰ ਬਨਕੇ ਜਿੰਦਗੀ ਗੁਜਾਰਨ ਲਗਾ । 211

ਇਸਤੋਂ ਬਾਅਦ ਜਦੋਂ ਮੰਖਲੀ ਪੁਤਰ ਗੋਸ਼ਾਲਕ ਨੂੰ ਇਹ ਪਤਾ ਲਗਾ ਕਿ ਸਧਾਲਪੁਤਰ ਅਜੀਵਕਾ ਦਾ ਉਪਾਸਕ ਸ਼੍ਰਮਣ ਨਿਰਗਰੰਥ ਬਨ ਗਿਆ ਹੈ, ਤਾ ਉਸਦੇ ਮਨ ਵਿਚ ਆਇਆ ਕਿ "ਮੈਨੂੰ ਪੋਲਾਸਪੁਰ ਜਾਕੇ ਉਸ ਨੂੰ ਫਿਰ ਅਜੀਵਕ ਧਰਮ ਵਿਚ ਵਾਪਿਸ ਲੈ ਆਉਣਾ ਚਾਹਿਦਾ ਹੈ ਇਹ ਵਿਚਾਰ ਕੇ ਉਹ ਆਜੀਵਕ ਸੰਘ ਦੇ ਨਾਲ ਪੋਲਾਸਪੁਰ ਪਹੁੰਚਿਆ । 212

ਅਜੀਵਕ ਸਭਾ ਵਿਚ ਆਪਣੇ ਭਾਂਡੇ ਰਖ ਕੇ ਕੁਝ ਅਜ਼ੀਵਕਾ ਨਾਲ ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਕੋਲ ਆਇਆ । 213

ਇਸ਼ਤੋਂ ਬਾਅਦ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਨੇ ਮੰਖਲੀਪੁਤਰ ਗੋਸਾਲਕ ਨੂੰ ਵੇਖਿਆ ਉਸ ਨੇ ਨਾ ਤਾਂ ਗੋਸ਼ਾਲਕ ਦਾ ਆਦਰ ਕੀਤਾ ਅਤੇ ਨਾਂ ਹੀ ਪਛੱਾਣਿਆ ਸਗੋਂ ਚੁਪ ਚਾਪ ਬੈਠਾ ਰਿਹਾ । 214

ਇਸਤੋਂ ਬਾਅਦ ਮੰਖਲੀਪੁਤਰ ਗੋਸ਼ਾਲਕ ਨੂੰ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੇ ਕੋਈ ਸਨਮਾਨ, ਸਤਿਕਾਰ ਨਹੀਂ ਦਿਤਾ। ਫਿਰ ਵੀ ਗੋਸਾਲਕ ਨੇ ਚੌਂਕੀ, ਫੱਟਾ ਤੇ ਵਿਛੌਣੇ ਦੀ ਪ੍ਰਾਪਤੀ ਦੇ ਲਾਲਚ ਵਸ ਪੁਛਿਆ "ਕਿ ਇਥੇ ਮਹਾਮਾਹਨ ਆਏ ਹਨ। 215

ਸਧਾਲਪੁਤਰ ਸ਼੍ਰਮਣਾ ਦੇ ਉਪਾਸਕ ਨੇ ਮੰਖਲੀਪੁਤਰ ਗੋਸ਼ਾਲਕ ਨੂੰ ਉਤਰ ਦਿਤਾ "ਹੇ ਦੇਵਿਤਆ ਦੇ ਪਿਆਰੇ ਮਹਾਮਾਹਨ ਹਨ ? 216

ਮੰਖਲੀਪੁਤਰ ਗੋਸ਼ਾਲਕ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੂੰ ਕਿਹਾ "ਹੇ ਭਗਵਾਨ ਮਹਾਵੀਰ ਮਹਾਮਾਹਨ ਹਨ।"

ਸਧਾਲਪੁਤਰ—"ਹੇ ਦੇਵਤਿਆਂ ਦੇ ਪਿਆਰੇ ! ਆਪ ਕਿਸ ਤਰਾਂ ਸ਼੍ਰਮਣ ਭਗਵਾਨ ਮਹਾਵੀਰ ਨੂੰ ਮਹਾਮਾਹਨ ਆਖਦੇ ਹੋ ?

ਗੋਸ਼ਾਲਕ—ਕਿਉਕਿ ਭਗਵਾਨ ਮਹਾਵੀਰ ਅਨੰਤ ਗਿਆਨ, ਅੰਨਤ ਦਰਸ਼ਨ ਦੇ ਭੰਡਾਰ ਹਨ ਮਹਿਮਾ ਭਰਪੂਰ, ਪੂਜਨਯੋਗ ਅਤੇ ਕਰਮ ਸੰਪਦਾ ਦੇ ਸਵਾਮੀ ਹਨ ਇਸ ਲਈ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਮਾਹਨ ਹਨ।

ਗੋਸ਼ਾਲਕ—ਕਿ ਇਥੇ ਮਹਾਂਗੋਪ ਆਏ ਹਨ ?

ਸਧਾਲਪੁਤਰ—ਹੇ ਦੇਵਤਿਆਂ ਦੇ ਪਿਆਰੇ ! ਮਹਾਂਗੋਪ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਗੋਪ ਹਨ।

ਸਧਾਲਪੁਤਰ—ਤੁਸੀਂ ਇਹ ਗਲ ਕਿਸ ਤਰਾਂ ਆਖ ਸਕਦੇ ਹੋ ਕਿ ਸ਼੍ਰਮਣ ਮਹਾਵੀਰ ਮਹਾਂਗੋਪ ਹਨ।

ਗੋਸਾਲਕ—ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ ਜੰਗਲ ਵਿਚ ਨਸ਼ਟ ਹੋ ਰਹੇ, ਭਿਆਨਕ ਕਸ਼ਟ ਝਲਦੇ ਹੋਏ, ਵਾਰ ਵਾਰ ਨਸ਼ਟ ਹੋ ਰਹੇ, ਛਿਨ ਛਿਨ ਟੁਟ ਰਹੇ, ਜੀਵਾਂ ਰੂਪੀ ਕੰਡਾ ਲੈਕੇ ਰਖਿਆ ਕਰਦੇ ਹਨ, ਬਚਾਉਂਦੇ ਹਨ ਅਤੇ ਆਪਣੇ ਹੱਥਾਂ ਨਾਲ ਨਿਰਵਾਨ ਰੂਪੀ ਬਾੜੇ ਵਿਚ ਵਿਚ ਪਹੁੰਚਾਂਦੇ ਹਨ ਇਸ ਲਈ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਤ ਮਹਾਂਗੋਪ ਹਨ।

ਗੋਸ਼ਾਲਕ—ਸਧਾਲਪੁੱਤਰ ਕਿ ਮਹਾਂਸਾਰਥਵਾਹ ਆਏ ਹਨ ?

ਸਧਾਲਪੁੱਤਰ—ਹੇ ਦੇਵਤਿਆ ਦੇ ਪਿਆਰੇ ! ਸਾਰਥਵਾਹ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਸਾਰਥਵਾਹ ਹਨ

ਸਧਾਲਪੁੱਤਰ—ਆਪ ਇਹ ਗਲ ਕਿਸ ਤਰਾਂ ਆਖ ਸ਼ਕਦੇ ਹੋ ਕਿ ਸ਼੍ਰਮਣ ਭਗਵਾਨ ਮਰਾਵੀਰ ਮਹਾਸਾਰਥਵਾਹ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ ਜੰਗਲ ਵਿਚ ਭਟਕਦੇ ਹੋਏ ਕਸ਼ਟ ਝਲਦੇ ਹੋਏ, ਮਨੁੱਖਾਂ ਲਈ ਧਰਮ ਰੂਪੀ ਰਾਹ ਤੇ ਪਹੁੰਚਾਂਦੇ ਹਨ ਅਤੇ ਨਿਰਵਾਨ ਰੂਪੀ ਨਗਰ ਵਲ ਲੈ ਜਾਂਦੇ ਹਨ ਇਸ ਭਾਵ ਤੋਂ ਮੈਂ ਆਖਦਾ ਹਾਂ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਸਾਰਥਵਾਹ ਹਨ।

ਗੋਸ਼ਾਲਕ—"ਕਿ ਇਥੇ ਮਹਾਧਰਮ ਕਥਾ ਕਰਨ ਵਾਲੇ ਆਏ ਸਨ ?"

ਸਧਾਲਪੁਤਰ—ਹੇ ਦੇਵਤਿਆਂ ਦੇ ਪਿਆਰੇ ! ਇਹ ਮਹਾਧਰਮ ਕਥਾ ਕਰਨ ਵਾਲੇ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਧਰਮ ਕਥਾ ਕਰਨ ਵਾਲੇ ਹਨ

ਸਧਾਲਪੁਤਰ—ਆਪ ਇਹ ਕਿਸ ਤਰਾਂ ਆਖ ਸਕਦੇ ਹੋ ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਂਧਰਮ ਕਥਾ ਕਰਨ ਵਾਲੇ ਹਨ।

ਗੋਸ਼ਾਲਕ—ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਇਸ ਸੰਸਾਰ ਰੂਪੀ ਜੰਗਲ ਵਿਚ ਭਟਕੇ ਹੋਏ, ਪਥ-ਭ੍ਰਿਸ਼ਟ, ਭੈੜੇ ਰਾਹ ਤੇ ਚਲਣ ਵਾਲੇ, ਚੰਗੇ ਰਾਹ ਤੋਂ ਭਟਕੇ ਹੋਏ, ਝੂਠ ਵਿਚ ਫਸੇ ਹੋਏ ਅਤੇ ਅਠ ਪ੍ਰਕਾਰ ਦੇ ਕਰਮ-ਰੂਪੀ ਹਨੇਰੇ ਨਾਲ ਘਿਰੇ ਲੋਕਾਂ ਲਈ, ਜੁਗਤਾਂ, ਉਪਦੇਸ਼ਾਂ ਅਤੇ ਵਿਆਖਿਆਵਾਂ ਰਾਂਹੀ ਪਾਰ ਪਹੁੰਚਾਂਦੇ ਹਨ ਇਸੇ ਕਾਰਣ ਮੈਂ ਸ਼੍ਰਮਣ ਭਗਵਾਨ ਮਹਾਵੀਰ ਨੂੰ ਮਹਾਂਧਰਮ ਕਥਾ ਕਰਨ ਵਾਲੇ ਆਖਦਾ ਹਾਂ।

ਗੋਸ਼ਾਲਕ—ਕਿ ਇਥੇ ਮਹਾਂਨਿਰਯਾਮਕ ਆਏ ਸਨ ?

ਸਧਾਲਪੁਤਰ :—ਮਹਾਨਿਰਯਾਮਕ ਕੌਣ ਹਨ ?

ਗੋਸ਼ਾਲਕ—ਸ਼੍ਰਮਣ ਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ ?

ਸਧਾਲਪੁਤਰ—ਆਪ ਇਹ ਕਿਸ ਪ੍ਰਕਾਰ ਆਖਦੇ ਹੋ, ਕਿ ਸ਼੍ਰਮਣ ਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ ?

ਗੋਸ਼ਾਲਕ—ਹੇ ਦੇਵਤਿਆਂ ਦੇ ਪਿਆਰੇ ! ਸ਼੍ਰਮਣ ਭਗਵਾਨ ਮਹਾਵੀਰ ਸੰਸਾਰ ਰੂਪੀ

---

ਪਾਠ ਨੰ: 186 ਦੀ ਟਿੱਪਣੀ—

ਮਹਾਮਾਹਨ ਭਾਵ ਹੈ ਜੋ ਆਦਮੀ ਆਪ ਕਿਸੇ ਜੀਵ ਨੂੰ ਨਾ ਮਾਰਨ ਦਾ ਨਿਯਮ ਲਈ ਕਰਦਾ ਹੈ ਨਾਲ ਹੀ ਦੂਸਰਿਆਂ ਨੂੰ ਉਪਦੇਸ਼ ਦਿੰਦਾ ਹੈ। ਜੋ ਸੂਖਮ ਤੇ ਸਥੂਲ ਸਾਰੇ ਜੀਵਾਂ ਦੀ ਹਿੰਸਾ ਤੋਂ ਰਹਿਤ ਹੈ।"

(ਅਚਾਰਿਆ ਅਭੇਦੇਵ ਸੂਰੀ)

ਮਹਾਸਮੁੰਦਰ ਵਿਚ ਨਸ਼ਟ ਹੋ ਰਹੇ ਹਨ, ਵਿਨਾਸ ਹੋ ਰਹੇ, ਗੋਤੇ ਖਾ ਰਹੇ, ਵਹਿੰਦੇ ਹੋਏ ਬਹੁਤ ਸਾਰੇ ਜੀਵਾਂ ਨੂੰ, ਧਰਮ ਰੂਪੀ ਕਿਸ਼ਤੀ ਰਾਂਹੀ ਨਿਰਵਾਨ ਰੂਪੀ ਕਿਨਾਰੇ ਤੇ ਲੈ ਆਉਂਦੇ ਹਨ। ਇਸ ਲਈ ਸ਼੍ਰਮਣਭਗਵਾਨ ਮਹਾਵੀਰ ਮਹਾਂਨਿਰਯਾਮਕ ਹਨ। 214।

ਇਸਤੋਂ ਸ਼ਧਾਲਪੁੱਤਰ ਸ਼੍ਰਮਣਾਂ ਦਾ ਉਪਾਸਕ, ਸੰਖਲੀ ਪੁਤਰ ਗੋਸ਼ਾਲਕ ਨੂੰ ਆਖਣ ਲਗਾ "ਹੇ ਦੇਵਤਿਆਂ ਦੇ ਪਿਆਰੇ! ਤੁਸੀਂ ਇਸ ਪ੍ਰਕਾਰ ਮੌਕਾ ਵੇਖ ਕੇ ਗੱਲ ਕਰਨ ਵਾਲੇ ਹੋ, ਨਿਪੁੰਨ ਹੋ, ਨੀਤੀਵਾਨ ਹੋ, ਪੜੇ ਲਿਖੇ ਹੋ ਕਿ ਤੁਸੀਂ ਮੇਰੇ ਧਰਮ ਅਚਾਰੀਆ ਸ਼੍ਰਮਣ ਭਗਵਾਨ ਮਹਾਵੀਰ ਨਾਲ ਧਰਮ ਚਰਚਾ ਕਰ ਸਕਦੇ ਹੋ?

ਗੋਸ਼ਾਲਕ ਨੇ ਕਿਹਾ "ਮੈਂ ਨਹੀਂ ਕਰ ਸਕਦਾ"

ਸਧਾਲਪੁਤਰ ਨੇ ਪੁਛਿਆ "ਹੇ ਦੇਵਤਿਆਂ ਦੇ ਪਿਆਰੇ! ਇਸ ਦਾ ਕੀ ਕਾਰਣ ਹੈ?

"ਸਧਾਲਪੁਤਰ—ਜਿਵੇ ਕੋਈ ਨੌਜਵਾਨ, ਬਲਵਾਨ, ਭਾਗਾਂ ਵਾਲਾ, ਯੁਵਕ ਰੋਗ ਰਹਿਤ ਤੇ ਦਰਿੜ ਬਾਹਾਂ, ਹਥ ਪੈਰ, ਪਗਲੀਆਂ ਪੀਠ ਦੇ ਦਰਮਿਆਨ ਮਜਬੂਤ ਹਿਸੇ ਵਾਲਾ ਪੱਟਾਂ ਵਾਲਾ, ਕਲਾ ਕੌਸ਼ਲ ਦਾ ਜਾਨਕਾਰ, ਪੁਰਸ਼ ਕਿਸੇ ਵੀ ਬਕਰੇ, ਦੁੰਬੇ, ਸੂਅਰ, ਕੰਪਿਜਲ, ਕੋਂ ਅਤੇ ਬਾਜ ਨੂੰ ਹਥ ਪੈਰ ਖੁਹ ਪੂੰਛ, ਫੰਗ ਸਿੰਗ, ਦੰਦਾਂ ਅਤੇ ਬਾਲ ਜਿਥੋਂ ਵੀ ਚਾਹੇ ਪਕੜ ਸਕਦਾ ਹੈ ਅਤੇ ਬਿਨਾ ਹਿਲਾਏ ਚਲਾਏ ਉਸਨੂੰ ਦੱਬ ਸ਼ਕਦਾ ਹੈ ਇਸੇ ਪ੍ਰਕਾਰ ਸ਼੍ਰਮਣ ਭਗਵਾਨ ਮਹਾਵੀਰ ਅਨੇਕਾਂ ਅਰਥਾਂ ਹੇਤੂਆਂ (ਕਾਰਣਾ) ਆਦਿ ਵਿਆਕਰਨਾ, ਪ੍ਰਸ਼ਨ ਉਤਰਾਂ ਰਾਂਹੀ ਮੈਂਨੂੰ ਜਿਥੇ ਚਾਹੁਣ ਪਕੜ ਸਕਦੇ ਹਨ ਮੈਨੂੰ ਲਾਜੁਆਬ ਕਰ ਸਕਦੇ ਹਨ। ਹੇ ਸ਼ਧਾਲਪੁੱਤਰ! ਇਸ ਲਈ ਮੈਂ ਆਖਦਾ ਹਾਂ ਕਿ ਤੇਰੇ ਧਰਮਆਚਾਰੀਆ ਭਗਵਾਨ ਮਹਾਵੀਰ ਦੇ ਨਾਲ ਮੈਂ ਧਰਮ-ਚਰਚਾ ਕਰਨ ਤੋਂ ਅਸਮਰਥ ਹਾਂ। 215।

ਇਸ ਪ੍ਰਕਾਰ ਗੋਸ਼ਾਲ ਮੰਖਲੀਪੁਤਰ ਦੇ ਬਚਣ ਸੁਣਕੇ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਆਖਣ ਲੱਗਾ "ਹੇ ਦੇਵਤਿਆਂ ਦੇ ਪਿਆਰੇ ਕਿਉਂਕਿ ਤੂੰ ਮੇਰੇ ਧਰਮ ਅਚਾਰੀਆਂ ਸ਼੍ਰਮਣ ਭਗਵਾਨ ਮਹਾਵੀਰ ਦੀ ਸੱਚੀ, ਭੱਥਾਂ ਨਾਲ ਭਰਪੂਰ ਗੁਣ ਕੀਰਤੀ (ਪ੍ਰਸ਼ੰਸਾ) ਕੀਤੀ ਹੈ ਇਸ ਲਈ ਮੈਂ ਤੈਨੂੰ ਵਾਪਸੀਯੋਗ ਚੌਕੀ, ਫੱਟਾ ਆਸਨ ਤੇ ਵਿਛੌਣਾ ਲਈ ਬੇਨਤੀ ਕਰਦਾ ਹਾਂ (ਮੈਂ ਇਸ ਪ੍ਰਾਹੁਣਾਚਾਰੀ ਵਿਚ ਕੋਈ ਧਰਮ ਜਾਂ ਤੱਪ ਨਹੀਂ ਸਮਝਦਾ ਫਿਰ ਵੀ ਆਪ ਜਾਓ ਤੇ ਮੇਰੇ ਭਾਂਡਿਆ ਦੀਆਂ ਦੁਕਾਨਾਂ ਤੇ ਚੌਕੀ, ਫੱਟਾ ਆਸਨ ਵਿਛੌਣਾ ਲੈ ਸਕਦੇ ਹੋ।216।

ਇਸਤੋਂ ਬਾਅਦ ਸੰਖਲੀਪੁੱਤਰ ਗੋਸ਼ਾਲਕ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਦੀ ਇਸ ਗਲ ਨੂੰ ਸਵੀਕਾਰ ਕਰਕੇ ਵਾਪਸੀ ਯੋਗ ਵਸਤਾਂ ਚੌਕੀ ਆਦਿ ਚੀਜਾਂ ਉਸਦੀ ਦੁਕਾਨ ਤੋਂ ਲੈ ਲਈਆਂ।217।

ਜਦ ਮੰਖਲੀਪੁਤਰ ਗੋਸ਼ਾਲਕ ਅਨੇਕਾਂ ਪ੍ਰਕਾਰ, ਸਧਾਰਨ ਗੱਲਾਂ ਰਾਂਹੀ ਭਿੰਨ-ਭਿੰਨ ਵਿਆਖਿਆ ਰਾਹੀਂ ਗਿਆਨ ਤੇ ਵਿਗਿਆਨ ਰਾਂਹੀ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਨੂੰ ਨਿਰਗ੍ਰੰਥ ਪ੍ਰਵਚਨ (ਜੈਨ ਧਰਮ) ਤੋਂ ਗਿਰਾ, ਤੰਗ ਜਾ ਵਿਰੋਧੀ ਨਾ ਕਰ ਸਕਿਆ ਤਾਂ ਉਹ ਤੰਗ ਹੋਇਆ, ਘਬਰਾਇਆ ਹੋਇਆ, ਦੁਖੀ ਹੋਇਆ ਪੋਲਾਸਪੁਰ ਸ਼ਹਿਰ ਤੋਂ ਦੂਰ ਗਿਆ ਉਹ ਹੋਰ ਦੇਸ਼ਾਂ ਵਿਚ ਘੁੰਮਨ ਫਿਰਨ ਲੱਗਾ ।218।

ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਬਹੁਤ ਸਮੇਂ ਸ਼ੀਲ ਆਦਿ ਵਰਤਾਂ ਨਿਯਮਾਂ ਰਾਂਹੀ ਆਤਮਾ ਨੂੰ ਪਵਿਤਰ ਕਰਦੇ ਹੋਏ ਜਦ 14 ਸਾਲ ਬੀਤ ਗਏ 15ਵੇਂ ਸਾਲ ਇਕ ਅੱਧੀ ਰਾਤ ਨੂੰ ਪੋਸਧਸਾਲਾ ਵਿਚ ਸ਼੍ਰਮਣ ਭਗਵਾਨ ਮਹਾਵੀਰ ਦੇ ਧਰਮ-ਅਰਾਧਨਾ ਕਰ ਰਿਹਾ ਸੀ ।219।

ਇਸ ਸਮੇਂ ਇਕ ਦੇਵਤਾ ਅਧੀ ਰਾਤ ਨੂੰ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਕੋਲ ਪ੍ਰਗਟ ਹੋਇਆ ।220।

ਉਹ ਦੇਵਤੇ ਨੇ ਨੀਲ ਕਮਲ ਦੀ ਤਰਾਂ ਚਮਕੀਲੀ ਤਲਵਾਰ ਦੇਕੇ ਚੁਲਨੀਪਿਤਾ ਦੀ ਤਰਾਂ ਅਨੇਕਾਂ ਕਸ਼ਟ ਦਿਤੇ ਫਰਕ ਸਿਰਫ਼ ਇਹੋ ਹੈ ਕਿ ਉਸਨੇ ਹਰ ਪੁਤਰ ਦੇ ਨੌ ਟੁਕੜੇ ਕੀਤੇ, ਛੋਟੇ ਲੜਕੇ ਨੂੰ ਮਾਰ ਦਿਤਾ ਅਤੇ ਸਧਾਲਪੁਤਰ ਦੇ ਸਰੀਰ ਤੇ ਲਹੂ ਤੇ ਮਾਸ ਦੇ ਛਿੱਟੇ ਸੁਟੇ ।221।

ਫਿਰ ਵੀ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਸਮਾਧੀ ਵਿਚ ਸਥਿਰ ਰਿਹਾ ।223।

ਇਸਤੋਂ ਬਾਅਦ ਜਦ ਦੇਵਤੇ ਨੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਨੂੰ ਸਮਾਧੀ ਵਿਚ ਮਜਬੂਤ ਵੇਖਿਆ ਤਾਂ ਚੌਥੀ ਵਾਰ ਆਖਣ ਲਗਾ "ਹੇ ਸਧਾਲਪੁਤਰ ਸ਼੍ਰਮਣਾਂ ਦੇ ਉਪਾਸਕ ਮੌਤ ਨੂੰ ਚਾਹੁਣ ਵਾਲੇ, ਜੇ ਤੂੰ ਸੀਲ ਆਦਿ ਵਰਤ ਨਹੀਂ ਛਡੇਗਾ ਤਾਂ ਮੈਂ ਤੇਰੀ ਅਗਨੀਮਿਤਰਾ ਨਾਂ ਦੀ ਔਰਤ ਜੋ ਕਿ ਤੇਰੀ ਧਰਮ ਦੀ ਸਹਾਇਕਾ ਹੈ ਤੇਰੇ ਧਰਮ ਨੂੰ ਸੁਰਖਿਅਤ ਰੱਖਣ ਵਾਲੀ ਹੈ, ਧਰਮ ਦੇ ਪਿਆਰ ਵਿਚ ਰੰਗੀ ਹੋਈ ਹੈ ਤੇਰੇ ਦੁਖ ਸੁਖ ਦੀ ਸਹਾਇਕ ਹੈ ਉਸ ਨੂੰ ਤੇਰੇ ਘਰੋਂ ਲਿਆ ਕੇ ਤੇਰੇ ਸਾਹਮਣੇ ਮਾਰ ਕੇ ਨੌ ਟੁਕੜੇ ਕਰਾਂਗਾ,

---

ਪਾਠ ਨੰ: 216 ਦੀ ਟਿੱਪਣੀ —,

ਸਧਾਲਪੁਤਰ ਨੇ ਗੋਸਾਲਕ ਨੂੰ ਸਪਸ਼ਟ ਕਿਹਾ ਕਿ ਮੈਂ ਜੋ ਆਪ ਨੂੰ ਚੌਂਕੀ ਫੱਟੇ ਲਈ ਬੁਲਾਵਾ ਦਿਤਾ ਹੈ ਉਹ ਧਰਮ ਦਾ ਕੰਮ ਨਹੀਂ ਸਮਝਦਾ ਸਗੋਂ ਇਹ ਇਸ ਲਈ ਦੇ ਰਿਹਾ ਹਾਂ ਕਿਉਂਕਿ ਆਂਪਣੇ ਮੇਰੇ ਗੁਰੂ ਦੀ ਸੱਚੀ ਪ੍ਰਸ਼ੰਸਾ ਕੀਤੀ ਹੈ ਮੈਂ ਇਹ ਗੁਰੂ ਤੇ ਧਰਮ ਬੁਧੀ ਨਾਲ ਨਹੀਂ ਦੇ ਰਿਹਾ ਸਗੋਂ ਪੋਹਣਾਚਾਰੀ ਦਾ ਫਰਜ ਨਿਭਾ ਰਿਹਾ ਹਾਂ। ਧਰਮ ਜਾਂ ਪੁੰਨ ਸਮਝਕੇ ਨਹੀਂ ਦੇ ਰਿਹਾ।

ਉਸ ਨੂੰ ਤੇਲ ਦੇ ਭਰੇ ਕੜਾਹੇ ਵਿਚ ਤਲਾਂਗਾ, ਉਸ ਦੇ ਮਾਸ ਤੇ ਖੂਨ ਦੇ ਛਿੱਟੇ ਤੇਰੇ ਸਰੀਰ ਤੇ ਸੁਟਾਂਗਾ। ਇਸ ਕਾਰਣ ਤੂੰ ਚਿੰਤਾ ਕਰੇਂਗਾ, ਬੇਵਸ ਹੋਕੇ ਸਮੇਂ ਤੋਂ ਪਹਿਲਾਂ ਹੀ ਮਰ ਜਾਵੇਂਗਾ ।223।

ਇਸ ਤੋਂ ਬਾਅਦ ਦੇਵਤੇ ਦੇ ਇਸ ਪ੍ਰਕਾਰ ਆਖਣ ਤੇ ਵੀ ਉਹ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਧਰਮ ਵਿਚ ਮਜ਼ਬੂਤ ਰਿਹਾ ।224।

ਦੇਵਤੇ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ ।225।

ਜਦ ਉਸ ਅਨਾਰੀਆ ਪੁਰਸ਼ ਨੇ ਦੂਸਰੀ ਤੇ ਤੀਸਰੀ ਵਾਰ ਇਸੇ ਪ੍ਰਕਾਰ ਕਿਹਾ ਤਾਂ ਸਧਾਲਪੁਤਰ ਸ਼੍ਰਮਣਾਂ ਦਾ ਉਪਾਸਕ ਮਨ ਵਿਚ ਆਖਣ ਲਗਾ "ਇਹ ਪੁਰਸ਼ ਅਨਾਰੀਆ (ਦੁਸ਼ਟ) ਹੈ (ਬਾਕੀ ਦਾ ਵਰਨਣ ਪਹਿਲੇ ਸ਼੍ਰਾਵਕਾਂ ਦੀ ਤਰਾਂ ਸਮਝਣਾ ਚਾਹੀਦਾ ਹੈ) ਉਸਨੇ ਸੋਚਿਆ "ਇਸਨੇ ਮੇਰੇ ਬੜੇ, ਦਰਮਿਆਨੇ ਤੇ ਛੋਟੇ ਪੁਤਰ ਮਾਰ ਦਿਤੇ ਹਨ ਉਨ੍ਹਾਂ ਦੇ ਟੁਕੜੇ ਟੁਕੜੇ ਕਰਕੇ ਉਨ੍ਹਾਂ ਦਾ ਖੂਨ ਤੇ ਮਾਸ ਮੇਰੇ ਤੇ ਸੁਟਿਆ ਹੈ ਹੁਣ ਇਹ ਮੇਰੀ ਪਤਨੀ ਅਗਨੀ-ਮਿਤਰਾ ਜੋ ਮੇਰੀ ਸੁੱਖ ਦੁੱਖ ਤੇ ਧਰਮ ਦੀ ਸਹਾਇਕਾ ਹੈ। ਘਰ ਵਿਚ ਲਿਆ ਕੇ ਮਾਰਨਾ ਚਾਹੁੰਦਾ ਹੈ ਇਹ ਸਾਰਾ ਵਿਰਤਾਂਤ ਚੁਲਨੀਪਿਤਾ ਸ਼੍ਰਮਣਾਂ ਦੇ ਉਪਾਸਕ ਦੀ ਤਰਾਂ ਹੈ ਫਰਕ ਸਿਰਫ ਇਹ ਹੈ ਕਿ ਚੁਲਨੀਪਿਤਾ ਨੂੰ ਉਸਦੀ ਮਾਂ ਧਰਮ ਵਿਚ ਦਰਿੜ੍ਹ ਕਰਦੀ ਹੈ ਇਥੇ ਉਸਦੀ ਪਤਨੀ ਅਗਨੀਮਿਤਰਾ ਆਉਂਦੀ ਹੈ ਸਧਾਲਪੁਤਰ ਵੀ ਮਰਕੇ ਅਰੁਣ ਭੂਤ ਵਿਮਾਨ ਵਿਚ ਪੈਦਾ ਹੋਇਆ ਉਹ ਵੀ ਮਹਾਂਵਿਦੇਹ ਖੇਤਰ ਵਿਚ ਪੈਦਾ ਹੋਕੇ ਸਿਧ ਗਤੀ ਪ੍ਰਾਪਤ ਕਰੇਗਾ ।226।

---

ਪਾਠ ਨੰ: 223 ਦੀ ਟਿੱਪਣੀ

ਇਥੇ ਸ਼੍ਰਮਣ ਭਗਵਾਨ ਮਹਾਵੀਰ ਨੇ ਇਸਤਰੀ ਦੇ ਲਈ ਚਾਰ ਸਤਿਕਾਰ ਯੋਗ ਵਿਸ਼ੇਸ਼ਨ ਵਰਤੇ ਹਨ ਜੋ ਉਨ੍ਹਾਂ ਦੇ ਮਨ ਵਿਚ ਇਸਤਰੀ ਜਾਤੀ ਪ੍ਰਤਿ ਸਤਿਕਾਰ ਨੂੰ ਪ੍ਰਗਟਾਂਦੇ ਹਨ —

(1) ਧਰਮ ਸਹਾਇਕਾ (2) ਧਰਮ ਵੈਦ (ਭਾਵ ਪਤੀ ਨੂੰ ਪਾਪ ਰੂਪੀ ਰੋਗਾਂ ਤੋਂ ਵੈਦ ਦੀ ਤਰਾਂ ਦੂਰ ਰਖਣ ਵਾਲੀ) (3) ਧਰਮ ਅਨੁਰਾਗਰਤਾ (ਧਰਮ ਦੇ ਰੰਗ ਵਿਚ ਰੰਗੀ ਹੋਈ) (4) ਸਮ ਦੁਖ ਸੁਖ ਸਹਾਇਕਾ (ਸੁਖ ਦੁਖ ਦੀ ਸਾਥੀ)



● ੮ ●

ਇਸ ਅਧਿਐਨ ਵਿਚ ਮਹਾਸ਼ਤਕ ਨਾਂ ਦੇ ਉਪਾਸਕ ਦਾ ਵਰਨਣ ਆਇਆ ਹੈ। ਜਿਸ ਦੀਆਂ ਰੇਵਤੀ ਸਮੇਤ 13 ਇਸਤਰੀਆਂ ਸਨ। ਰੇਵਤੀ ਚਾਰਿੱਤਰਹੀਣ, ਸ਼ਰਾਬ ਅਤੇ ਮਾਸ ਦਾ ਸੇਵਨ ਕਰਨ ਵਾਲੀ ਸੀ। ਉਸ ਨੇ ਅਪਣੀ 12 ਸੌਂਕਣਾਂ ਨੂੰ ਮਾਰ ਕੇ ਉਨ੍ਹਾਂ ਦੀ ਸੰਪਤੀ ਤੇ ਅਧਿਕਾਰ ਕਰ ਲਿਆ ਸੀ। ਇਕ ਦਿਨ ਸ਼ਰਾਬੀ ਹਾਲਤ ਵਿਚ ਇਹ ਭਗਵਾਨ ਮਹਾਵੀਰ ਦੇ ਭਗਤ ਮਹਾਸ਼ਤਕ ਨੂੰ ਧਿਆਨ ਤੋਂ ਗਿਰਾਉਣ ਲਈ ਪਹੁੰਚੀ। ਉਸ ਸਮੇਂ ਮਹਾਸ਼ਤਕ ਨੂੰ ਅਵਧੀ ਗਿਆਨ ਹੋ ਗਿਆ ਸੀ। ਉਸ ਨੇ ਰੇਵਤੀ ਦੇ ਮਰ ਕੇ ਨਰਕ ਜਾਣ ਦੀ ਭਵਿੱਖ ਬਾਨੀ ਕੀਤੀ। ਅਗਲੇ ਦਿਨ ਭਗਵਾਨ ਮਹਾਵੀਰ ਨੇ ਇਸ ਨੂੰ ਇਸ ਦੀ ਕੌੜੀ ਗਲ ਆਖਣ ਦੇ ਉਪਰ ਪ੍ਰਾਯਸ਼ਚਿਤ ਕਰਨ ਲਈ ਕਿਹਾ, ਜੋ ਮਹਾਸ਼ਤਕ ਨੇ ਖਿੜੇ ਮੱਥੇ ਸਵੀਕਾਰ ਕੀਤਾ। ਅੰਤ ਸਮੇਂ ਸ਼੍ਰਾਵਕ ਧਰਮ ਦਾ ਪਾਲਣ ਕਰਦਾ ਸੌਧਰਮ ਕਲਪ ਨਾਂ ਦੇ ਦੇਵਲੋਕ ਵਿਚ ਅਰੁਣਾਵਤੰਸਕ ਵਿਮਾਨ ਵਿਚ ਦੇਵਤਾ ਰੂਪ ਵਿਚ ਪੈਦਾ ਹੋਇਆ। ਇਹ ਰਾਜਗ੍ਰਹਿ ਦਾ ਨਿਵਾਸੀ ਸੀ। ਭਗਵਾਨ ਮਹਾਵੀਰ ਦੇ 22ਵੇਂ ਚੌਮਾਸੇ ਵਿਚ ਸ਼੍ਰਾਵਕ ਬਣਿਆ। ਭਵਿੱਖ ਵਿਚ ਇਹ ਵੀ ਸਿੱਧ, ਬੁੱਧ ਮੁਕਤ ਹੋਵੇਗਾ।